ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ
VOL-13 ISSUE 2524 | 14 July, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

# ਹੋਰਮੁਜ਼ ਜਲਡਮਰੂ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ ਲੱਗੇਗਾ 20% ਟੈਕਸ: ਡੋਨਾਲਡ ਟਰੰਪ

ਵਾਸ਼ਿੰਗਟਨ ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੋਰਮੁਜ਼ ਸਟ੍ਰੇਟ ਵਿੱਚ ਇੱਕ ਵਾਰ ਫਿਰ ਇਰਾਨ ਦੀ ਸਮੁੰਦਰੀ ਨਾਕਾਬੰਦੀ ਕਰਨ ਅਤੇ ਜਹਾਜ਼ਾਂ ਤੋਂ ਟੋਲ ਵਸੂਲਣ ਦਾ ਐਲਾਨ ਕੀਤਾ ਹੈ। ਟਰੰਪ ਨੇ ਕਿਹਾ ਹੈ ਕਿ ਇਰਾਨ ਦੀ ਕੋਸ਼ਿਸ਼ ਦੇ ਬਾਵਜੂਦ ਹੋਰਮੁਜ਼ ਜਲਡਮਰੂਮੱਧ ਖੁੱਲ੍ਹਾ ਰਹੇਗਾ। ਅਮਰੀਕਾ ਇਸ ਨੂੰ ਖੁੱਲ੍ਹਾ ਰੱਖੇਗਾ ਅਤੇ ਇੱਥੋਂ ਲੰਘਣ ਵਾਲੇ ਸਾਰੇ ਕਾਰਗੋ ਤੋਂ ਇਸ ਦੇ ਬਦਲੇ 20 ਫੀਸਦੀ ਫੀਸ ਲਈ ਜਾਵੇਗੀ। ਡੋਨਾਲਡ ਟਰੰਪ ਦੇ ਇਸ ਐਲਾਨ ਨਾਲ ਇਰਾਨ ਅਤੇ ਅਮਰੀਕਾ ਵਿਚਾਲੇ ਤਣਾਅ ਵਧ ਸਕਦਾ ਹੈ।ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਨੂੰ "ਸਟ੍ਰੇਟ ਆਫ਼ ਹੋਰਮੁਜ਼ ਦਾ ਗਾਰਡੀਅਨ" ਮੰਨਿਆ ਜਾਵੇਗਾ। ਇਸ ਬੇਹੱਦ ਸੰਵੇਦਨਸ਼ੀਲ ਸਮੁੰਦਰੀ ਰਸਤੇ ਦੀ ਸੁਰੱਖਿਆ ਦੇ ਕੰਮ ਵਿੱਚ ਆਉਣ ਵਾਲੇ ਖਰਚਿਆਂ ਲਈ ਅਸੀਂ ਉੱਥੋਂ ਲੰਘਣ ਵਾਲੇ ਸਾਰੇ ਕਾਰਗੋ ਤੋਂ 20% ਦੀ ਦਰ ਨਾਲ ਫੀਸ ਲਵਾਂਗੇ। ਇਸ ਪ੍ਰਕਿਰਿਆ ਅਤੇ ਵਿਵਸਥਾ ਨੂੰ ਤੁਰੰਤ ਸ਼ੁਰੂ ਕੀਤਾ ਜਾਵੇਗਾ।ਡੋਨਾਲਡ ਟਰੰਪ ਨੇ ਆਪਣੇ 'ਟਰੂਥ ਸੋਸ਼ਲ' ਪੋਸਟ ਵਿੱਚ ਲਿਖਿਆ ਹੈ ਕਿ ਹੋਰਮੁਜ਼ ਜਲਡਮਰੂਮੱਧ ਖੁੱਲ੍ਹਾ ਹੈ ਅਤੇ ਇਰਾਨ ਦੀ ਮਰਜ਼ੀ ਤੋਂ ਬਿਨਾਂ ਵੀ ਖੁੱਲ੍ਹਾ ਰਹੇਗਾ। ਅਸੀਂ ਇਰਾਨੀ ਨਾਕਾਬੰਦੀ ਨੂੰ ਫਿਰ ਤੋਂ ਲਾਗੂ ਕਰ ਰਹੇ ਹਾਂ। ਟਰੰਪ ਨੇ ਅੱਗੇ ਕਿਹਾ ਕਿ ਹੁਣ ਤੋਂ ਅਮਰੀਕਾ ਨੂੰ ਹੋਰਮੁਜ਼ ਦਾ ਗਾਰਡੀਅਨ ਮੰਨਿਆ ਜਾਵੇਗਾ। ਇਸ ਭੂਮਿਕਾ ਵਿੱਚ ਅਤੇ ਨਿਰਪੱਖਤਾ ਦੇ ਨਾਤੇ ਦੁਨੀਆ ਦੇ ਇਸ ਬੇਹੱਦ ਸੰਵੇਦਨਸ਼ੀਲ ਹਿੱਸੇ ਵਿੱਚ ਸੁਰੱਖਿਆ ਅਤੇ ਹਿਫ਼ਾਜ਼ਤ ਦਾ ਕੰਮ ਕਰਨ ਲਈ ਜ਼ਰੂਰੀ ਸਾਰੇ ਖਰਚਿਆਂ ਦੀ ਭਰਪਾਈ ਵਜੋਂ ਇੱਥੋਂ ਭੇਜੇ ਜਾਣ ਵਾਲੇ ਸਾਰੇ ਕਾਰਗੋ 'ਤੇ 20% ਦੀ ਦਰ ਨਾਲ ਫੀਸ ਲਈ ਜਾਵੇਗੀ। ਅਸੀਂ ਇਸ ਵਿਵਸਥਾ ਨੂੰ ਸ਼ੁਰੂ ਕਰ ਰਹੇ ਹਾਂ।"


Donald J. Trump
@realDonaldTrump

The Hormuz Strait is OPEN, and will remain OPEN, with or without Iran. We are reinstating the THE IRANIAN BLOCKADE, so named because it is only stopping Iran's ships or customers from entering or leaving. All other countries will have fair and open use of the Strait. The U.S.A. will be, from this point forward, known as "THE GUARDIAN OF THE HORMUZ STRAIT," but as such, and as a matter of FAIRNESS, will be reimbursed, at the rate of 20% on all cargo shipped, for any and all costs necessary to do the job of providing safety and security to this very volatile section of the World. The process and formation will begin immediately. Thank you for your attention to this matter! President DONALD J. TRUMP

1.48k ReTruths 5.25k Likes Jul 13, 2026, 7:46 PM


# 'ਜੁਰਾਸਿਕ ਪਾਰਕ' ਫੇਮ ਐਕਟਰ ਸੈਮ ਨੀਲ ਦਾ ਦਿਹਾਂਤ

ਵੀਅਤਨਾਮ ਸਾਂਝੀ ਸੋਚ ਬਿਊਰੋ

ਹਾਲੀਵੁੱਡ ਇੰਡਸਟਰੀ ਅਤੇ ਪ੍ਰਸ਼ੰਸਕਾਂ ਨੂੰ ਇੱਕ ਵੱਡਾ ਝਟਕਾ ਲੱਗਾ ਹੈ। 'ਜੁਰਾਸਿਕ ਪਾਰਕ' ਫੇਮ ਨਿਊਜ਼ੀਲੈਂਡ ਦੇ ਐਕਟਰ ਸੈਮ ਨੀਲ ਦਾ 78 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਸੋਮਵਾਰ ਨੂੰ ਨੀਲ ਦੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ 'ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਬਿਆਨ ਜਾਰੀ ਕਰਕੇ ਦੇਹਾਂਤ ਦੀ ਪੁਸ਼ਟੀ ਕੀਤੀ ਗਈ ਹੈ। ਇਸ ਵਿੱਚ ਇਸ ਨੂੰ 'ਅਚਾਨਕ ਅਤੇ ਅਣਕਿਆਸਾ' ਦੱਸਿਆ ਗਿਆ ਹੈ।ਸੈਮ ਨੀਲ ਦੇ ਪਰਿਵਾਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ, 'ਬਹੁਤ ਹੀ ਦੁਖੀ ਮਨ ਨਾਲ ਸੈਮ ਨੀਲ ਦਾ ਪਰਿਵਾਰ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸਾਂਝੀ ਕਰ ਰਿਹਾ ਹੈ। ਉਨ੍ਹਾਂ ਦਾ ਦੇਹਾਂਤ ਸੋਮਵਾਰ, 13 ਜੁਲਾਈ ਨੂੰ ਸਿਡਨੀ, ਆਸਟ੍ਰੇਲੀਆ ਵਿੱਚ ਹੋਇਆ। ' ਚਾਰ ਸਾਲ ਪਹਿਲਾਂ 2022 ਵਿੱਚ ਉਨ੍ਹਾਂ ਨੂੰ ਸਟੇਜ-3 ਬਲੱਡ ਕੈਂਸਰ ਦਾ ਪਤਾ ਲੱਗਾ ਸੀ, ਪਰ ਇਸ ਸਾਲ ਅਪ੍ਰੈਲ ਵਿੱਚ ਉਨ੍ਹਾਂ ਨੂੰ ਕੈਂਸਰ ਮੁਕਤ ਐਲਾਨ ਦਿੱਤਾ ਗਿਆ ਸੀ।ਬਿਆਨ ਵਿੱਚ ਅੱਗੇ ਕਿਹਾ ਗਿਆ ਹੈ, 'ਇਹ ਘਾਟਾ ਅਚਾਨਕ ਅਤੇ ਅਣਕਿਆਸਾ ਸੀ, ਪਰ ਰਾਹਤ ਦੀ ਗੱਲ ਇਹ ਹੈ ਕਿ ਸੈਮ ਕੈਂਸਰ ਮੁਕਤ ਰਹੇ। ਉਹ ਸੇਂਟ ਵਿੰਸੈਂਟ ਪ੍ਰਾਈਵੇਟ ਹਸਪਤਾਲ ਦੇ ਸਟਾਫ਼ ਦਾ ਉਨ੍ਹਾਂ ਦੀ ਬਿਹਤਰੀਨ ਦੇਖਭਾਲ ਲਈ ਬਹੁਤ-ਬਹੁਤ ਧੰਨਵਾਦ ਕਰਨਾ ਚਾਹੁੰਦੇ ਹਨ।' ਸੈਮ ਨੀਲ ਨੂੰ ਉਨ੍ਹਾਂ ਦੀ ਦਮਦਾਰ ਅਤੇ ਸਹਿਜ ਐਕਟਿੰਗ ਲਈ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਕਈ ਬਿਹਤਰੀਨ ਫ਼ਿਲਮਾਂ ਵਿੱਚ ਕੰਮ ਕੀਤਾ, ਪਰ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸਿੱਧੀ 'ਜੁਰਾਸਿਕ ਪਾਰਕ' ਵਿੱਚ ਡਾਕਟਰ ਐਲਨ ਗ੍ਰਾਂਟ ਦੇ ਕਿਰਦਾਰ ਤੋਂ ਮਿਲੀ।



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor® CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.

# LENDINGASSETS

Elevating Your Mortgage Experience



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਭਰਮ-ਭੁਲੇਖਿਆਂ ਦਾ ਸ਼ਿਕਾਰ ਪੰਜਾਬ ਦੀਆਂ ਸਿਆਸੀ ਪਾਰਟੀਆਂ



ਗੁਰਮੀਤ ਸਿੰਘ ਪਲਾਹੀ
98158-02070

ਪੰਜਾਬ ਭਰ ਵਿੱਚ ਘਰ-ਘਰ ਜਾ ਕੇ ਗਣਨਾ ਕਰਨ ਦੀ ਵਿਸ਼ੇਸ਼ ਤੀਬਰ ਸੋਧ (ਐਸ.ਆਈ.ਆਰ.) ਪ੍ਰਕਿਰਿਆ ਨਿਰੰਤਰ ਤੇਜ਼ੀ ਨਾਲ ਚੱਲ ਰਹੀ ਹੈ। ਚੋਣ ਕਮਿਸ਼ਨ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 25 ਜੂਨ 2026 ਤੋਂ 18 ਦਿਨਾਂ ਦੇ ਅੰਦਰ ਸੂਬੇ ਨੇ ਇੱਕ ਕਰੋੜ ਤੋਂ ਵੱਧ ਗਣਨਾ ਫਾਰਮਾਂ ਨੂੰ ਸਫਲਤਾਪੂਰਵਕ ਡਿਜੀਟਲਾਈਜ਼ ਕਰ ਲਿਆ ਹੈ। ਇਸ ਦੇ ਨਾਲ ਹੀ, 25 ਜੂਨ ਤੋਂ 24 ਜੁਲਾਈ 2026 ਦੇ ਦਰਮਿਆਨ ਪੰਜਾਬ ਭਰ ਦੇ 2 ਕਰੋੜ 14 ਲੱਖ 61 ਹਜ਼ਾਰ 43 ਵੋਟਰਾਂ ਤੱਕ ਪਹੁੰਚ ਕੀਤੇ ਜਾਣ ਦਾ ਦਾਅਵਾ ਵੀ ਕੀਤਾ ਗਿਆ ਹੈ। ਇਸ ਕਾਰਜ ਲਈ 24,453 ਬੀ.ਐਲ.ਓ. ਲਗਾਏ ਗਏ ਹਨ।

ਇਸ ਸਭ ਦੇ ਬਾਵਜੂਦ, ਆਮ ਲੋਕ ਇਸ ਐਸ.ਆਈ.ਆਰ. ਪ੍ਰਕਿਰਿਆ ਤੋਂ ਪਰੇਸ਼ਾਨ ਹਨ। ਇਹ ਕੰਮ 2003 ਦੀ ਵੋਟਰ ਸੂਚੀ ਨੂੰ ਅਧਾਰ ਮੰਨ ਕੇ ਮੁਕੰਮਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਪੰਜਾਬ ਦੇ ਲੋਕਾਂ ਵਿੱਚ ਇੱਕ ਅਜੀਬ ਬੇਚੈਨੀ ਹੈ। ਖਾਸ ਕਰਕੇ ਉਨ੍ਹਾਂ ਲੋਕਾਂ ਵਿੱਚ ਚਿੰਤਾ ਜ਼ਿਆਦਾ ਹੈ ਜਿਨ੍ਹਾਂ ਤੱਕ ਹਾਲੇ ਬੀ.ਐਲ.ਓ. ਨਹੀਂ ਪਹੁੰਚੇ ਅਤੇ ਜਿਨ੍ਹਾਂ ਦੇ ਨਾਮ 2003 ਦੀ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹਨ।

ਲੋਕਾਂ ਦੀ ਇਹ ਪਰੇਸ਼ਾਨੀ ਸਿਰਫ਼ ਵੋਟ ਕੱਟੇ ਜਾਣ ਜਾਂ ਨਵੀਂ ਵੋਟਰ ਸੂਚੀ ਵਿੱਚ ਨਾਮ ਸ਼ਾਮਲ ਨਾ ਹੋਣ ਤੱਕ ਸੀਮਤ ਨਹੀਂ ਹੈ; ਬਲਕਿ ਵੱਡੀ ਚਿੰਤਾ ਇਹ ਹੈ ਕਿ ਇਸ ਕਾਰਨ ਬੁਢਾਪਾ ਪੈਂਸ਼ਨ, ਮੁਫ਼ਤ ਅਨਾਜ ਅਤੇ ਔਰਤ ਸਨਮਾਨ ਰਾਸ਼ੀ ਸਮੇਤ ਸਾਰੀਆਂ ਸਰਕਾਰੀ ਸਹੂਲਤਾਂ ਬੰਦ ਹੋ ਸਕਦੀਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਵੀ ਸਿਆਸੀ ਧਿਰ ਦੇ ਜ਼ਮੀਨੀ ਵਰਕਰ ਜਾਂ ਨੇਤਾ ਇਨ੍ਹਾਂ ਲੋਕਾਂ ਦੀ ਕਿਸੇ ਕਿਸਮ ਦੀ ਸਹਾਇਤਾ ਨਹੀਂ ਕਰ ਰਹੇ। ਲੋਕਾਂ ਕੋਲ ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ ਤਾਂ ਹਨ, ਪਰ 2003 ਦੀ ਵੋਟਰ ਸੂਚੀ ਵਿੱਚ ਨਾਮ ਨਾ ਹੋਣ ਕਾਰਨ ਉਹ ਆਪਣੇ ਪਿਓ-ਦਾਦਿਆਂ ਦੇ ਨਾਮ, ਜਨਮ ਮਿਤੀ ਅਤੇ ਹੋਰ ਰਿਕਾਰਡ ਲੱਭਣ ਲਈ ਦਫ਼ਤਰਾਂ ਤੇ ਸਕੂਲਾਂ ਦੇ ਚੱਕਰ ਕੱਟ ਰਹੇ ਹਨ, ਜੋ ਕਿ ਸਭ ਵਿਅਰਥ ਸਾਬਤ ਹੋ ਰਿਹਾ ਹੈ।

ਇਹ ਪਰੇਸ਼ਾਨੀ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਉਨ੍ਹਾਂ ਔਰਤਾਂ ਨੂੰ ਆ ਰਹੀਆਂ ਮੁਸ਼ਕਿਲਾਂ ਨਾਲੋਂ ਵੀ ਵੱਧ ਹੈ, ਜਿਨ੍ਹਾਂ ਦੇ ਬੈਂਕ ਖਾਤੇ ਆਧਾਰ ਕਾਰਡ ਜਾਂ ਫੋਨ ਨੰਬਰਾਂ ਨਾਲ ਲਿੰਕ ਨਹੀਂ ਹਨ। ਬੈਂਕਾਂ ਵਿੱਚ ਨਵੇਂ ਖਾਤੇ ਖੁੱਲ੍ਹ ਨਹੀਂ ਰਹੇ, ਭਰੇ ਹੋਏ ਫਾਰਮ ਹੱਥਾਂ ਵਿੱਚ ਹਨ ਪਰ ਅਪਲੋਡ ਨਹੀਂ ਹੋ ਰਹੇ।

ਸਿਆਸੀ ਪਾਰਟੀਆਂ ਔਰਤਾਂ ਦੀ ਇਸ ਮੁਸ਼ਕਿਲ ਵਿੱਚ ਮਦਦ ਕਰਨ ਦੀ ਬਜਾਏ ਉਨ੍ਹਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀਆਂ ਹਨ।

ਕੀ ਸਿਆਸੀ ਪਾਰਟੀਆਂ ਦਾ ਕੰਮ ਸਿਰਫ਼ ਵੋਟਾਂ ਹਥਿਆਉਣਾ ਅਤੇ ਵੱਡੇ-ਵੱਡੇ ਭਾਸ਼ਣ ਦੇਣਾ ਹੀ ਰਹਿ ਗਿਆ ਹੈ? ਕੀ ਲੋਕ-ਹਿੱਤ ਅਤੇ ਲੋਕ-ਤਕਲੀਫ਼ਾਂ ਉਨ੍ਹਾਂ ਲਈ ਕੋਈ ਮਾਇਨੇ ਨਹੀਂ ਰੱਖਦੀਆਂ?

ਇੱਕ ਵਾਰ ਫਿਰ 'ਉਹੀ ਸਰਕਾਰ', 'ਡਬਲ ਇੰਜਣ ਸਰਕਾਰ' ਅਤੇ 'ਖੇਤਰੀ ਪਾਰਟੀ ਸਰਕਾਰ' ਦੇ ਨਾਅਰੇ ਹਵਾ ਵਿੱਚ ਗੂੰਜਣ ਲੱਗੇ ਹਨ। ਪੰਜਾਬ ਉਤੇ ਸ਼ਾਸਨ ਕਰਨ ਲਈ ਹਿੰਦੂ-ਸਿੱਖ ਵਿੱਚ ਵੰਡਣ ਦੇ ਪੱਤੇ ਖਿਲਾਰੇ ਜਾ ਰਹੇ ਹਨ। ਮਨੁੱਖੀ ਅਧਿਕਾਰਾਂ ਦੇ ਰਾਖੇ ਜਸਵੰਤ ਸਿੰਘ ਖਾਲੜਾ ਦੀ ਹੁਣੇ ਜਿਹੇ ਜਾਰੀ ਹੋਈ ਫਿਲਮ 'ਤੇ ਬੰਦਸ਼ ਅਤੇ ਉਸ ਸਮੇਂ ਦੌਰਾਨ ਹੋਏ ਹਿੰਦੂਆਂ ਦੇ ਕਤਲਾਂ ਦੇ ਬਿਆਨਾਂ ਨਾਲ ਪੰਜਾਬ ਵਿੱਚ ਪਾੜ ਪਾਉਣ ਦੇ ਯਤਨ ਹੋ ਰਹੇ ਹਨ।

ਆਖਰ ਚੋਣਾਂ ਦੇ ਦਰਮਿਆਨ ਪੰਜਾਬ ਵਿੱਚ ਫਿਰਕੂ ਅੱਗ ਲਗਾਉਣ ਦੀ ਖੇਡ ਖੇਡਣ ਦੀ ਤਿਆਰੀ ਕਿਉਂ ਹੈ? ਪੰਜਾਬ ਪਹਿਲਾਂ ਹੀ ਵੱਡੇ ਦਰਦ ਹੰਢਾ ਚੁੱਕਾ ਹੈ, ਜਿਸ ਦੀ ਕੀਮਤ ਪੰਜਾਬੀਆਂ ਨੂੰ ਤਾਰਨੀ ਪਈ ਹੈ। ਮੌਜੂਦਾ ਸਰਕਾਰ ਇਸ ਭਰਮ-ਭੁਲੇਖੇ ਵਿੱਚ ਹੈ ਕਿ ਉਹ ਐਸ.ਆਈ.ਆਰ. ਤੋਂ ਬਚੀਆਂ-ਖੁਚੀਆਂ ਵੋਟਾਂ ਵਿੱਚੋਂ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾ ਲਵੇਗੀ। ਸਰਕਾਰ ਵੱਲੋਂ ਪਿੰਡਾਂ-ਸ਼ਹਿਰਾਂ ਵਿੱਚ ਸੜਕਾਂ ਦੀ ਮੁਰੰਮਤ ਸ਼ੁਰੂ ਹੈ, ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ, ਔਰਤਾਂ ਨੂੰ ਸਨਮਾਨ ਰਾਸ਼ੀ ਦਿੱਤੀ ਜਾ ਰਹੀ ਹੈ ਅਤੇ ਨਵੀਆਂ ਮੁਫ਼ਤ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਰ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਪੰਜਾਬ ਦੇ ਅਸਲੀ ਮਸਲੇ ਜਿਉਂ ਦੇ ਤਿਉਂ ਖੜ੍ਹੇ ਹਨ। ਨਸ਼ਿਆਂ ਦਾ ਮੁੱਦਾ ਉਵੇਂ ਹੀ ਬਰਕਰਾਰ ਹੈ, ਸਰਕਾਰੀ ਨੌਕਰੀਆਂ ਦੇ ਦਾਅਵਿਆਂ ਦੇ ਬਾਵਜੂਦ ਬੇਰੁਜ਼ਗਾਰੀ ਵਧ ਰਹੀ ਹੈ ਅਤੇ ਨੌਜਵਾਨ ਹਾਲੇ ਵੀ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ। ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਕਾਬੂ ਵਿੱਚ ਨਹੀਂ ਹੈ।

ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨਾਂ ਵਿੱਚ ਮੌਜੂਦਾ ਸਰਕਾਰ ਖ਼ਿਲਾਫ਼ ਭਾਰੀ ਰੋਸ ਅਤੇ ਅਸੰਤੋਸ਼ ਪਾਇਆ ਜਾ ਰਿਹਾ ਹੈ। ਕਿਸਾਨਾਂ ਵਿੱਚ ਸਭ ਤੋਂ ਵੱਡਾ ਗੁੱਸਾ ਇਸ ਗੱਲੋਂ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਲਈ ਸਰਕਾਰ ਨੇ ਜੋ ਸਕੀਮ ਪਹਿਲਾਂ ਲਾਗੂ ਕੀਤੀ ਸੀ ਅਤੇ ਫਿਰ ਵਿਰੋਧ ਕਾਰਨ ਰੱਦ ਕਰ ਦਿੱਤੀ ਸੀ, ਉਸੇ ਸਕੀਮ ਨੂੰ ਹੁਣ ਮੁੜ ਕੁਝ ਸੋਧਾਂ ਸਹਿਤ ਚੋਰ-ਦਰਵਾਜ਼ਿਓਂ ਲਿਆਂਦਾ ਗਿਆ ਹੈ।

ਕਿਸਾਨੀ ਅੱਜ ਸਿਰਫ਼ ਕਰਜ਼ੇ ਦੇ ਬੋਝ ਹੇਠ ਹੀ ਨਹੀਂ ਦੱਬੀ ਹੋਈ, ਬਲਕਿ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਪਿੰਡ ਅਤੇ ਖੇਤੀਬਾੜੀ ਦੋਵੇਂ ਉੱਜੜਨ ਦੇ ਕੰਢੇ 'ਤੇ ਹਨ। ਇਸੇ ਤਰ੍ਹਾਂ ਸੂਬੇ ਦੇ ਬੇਰੁਜ਼ਗਾਰ ਵੀ ਸੜਕਾਂ 'ਤੇ ਉਤਰੇ ਹੋਏ ਹਨ ਅਤੇ ਸਰਕਾਰੀ ਕਰਮਚਾਰੀ ਆਪਣਾ ਹੱਕ ਯਾਨੀ 18% ਮਹਿੰਗਾਈ ਭੱਤਾ (ਡੀਏ) ਲੈਣ ਲਈ ਲਗਾਤਾਰ ਸੰਘਰਸ਼ ਅਤੇ ਅਦਾਲਤੀ ਲੜਾਈਆਂ ਲੜਨ ਦੇ ਰਾਹ ਪੈ ਚੁੱਕੇ ਹਨ।

ਜਿੱਥੋਂ ਤੱਕ ਵੱਖ-ਵੱਖ ਸਿਆਸੀ ਪਾਰਟੀਆਂ ਦੀ ਅੰਦਰੂਨੀ ਸਥਿਤੀ ਦਾ ਸਵਾਲ ਹੈ, ਉਹ ਸਭ ਲੋਕਾਂ ਦੇ ਅਸਲ ਮੁੱਦਿਆਂ 'ਤੇ ਲੜਨ ਦੀ ਬਜਾਏ ਭਰਮ-ਭੁਲੇਖਿਆਂ ਦਾ ਸ਼ਿਕਾਰ ਹਨ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਪਿਛਲੇ ਸਾਢੇ ਚਾਰ ਸਾਲ ਜਨਤਾ ਦੇ ਮਸਲਿਆਂ ਨੂੰ ਸੜਕਾਂ 'ਤੇ ਲਿਆਉਣ ਲਈ ਕੋਈ ਵੀ ਵੱਡਾ ਜਾਂ ਸਾਰਥਕ ਅੰਦੋਲਨ ਨਹੀਂ ਕੀਤਾ। ਉਨ੍ਹਾਂ ਦੀ ਸਿਆਸਤ ਸਿਰਫ਼ ਵਿਧਾਨ ਸਭਾ ਅੰਦਰ ਸ਼ਬਦੀ ਜੰਗ ਲੜਨ ਅਤੇ ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ ਲੜਾਈ ਦਾ ਦਿਖਾਵਾ ਕਰਨ ਤੱਕ ਸੀਮਤ ਰਹੀ ਹੈ।

ਇਸ ਦੇ ਬਾਵਜੂਦ ਉਹ ਇਸ ਵਹਿਮ ਵਿੱਚ ਹਨ ਕਿ ਸੱਤਾਧਾਰੀ ਪਾਰਟੀ ਦੀਆਂ ਨਾਕਾਮੀਆਂ ਕਾਰਨ ਅਗਲੀ ਸਰਕਾਰ ਉਨ੍ਹਾਂ ਦੀ ਹੀ ਬਣੇਗੀ, ਜਦਕਿ ਕਾਂਗਰਸ ਖੁਦ ਅੰਦਰੂਨੀ ਕਾਟੋ-ਕਲੇਸ਼ ਵਿੱਚ ਫਸੀ ਹੋਈ ਹੈ ਅਤੇ ਇਸ ਦਾ ਹਰ ਨੇਤਾ ਆਪਣੇ ਆਪ ਨੂੰ ਅਗਲਾ ਮੁੱਖ ਮੰਤਰੀ ਸਮਝ ਕੇ ਧੜੇਬੰਦੀ ਨੂੰ ਹਵਾ ਦੇ ਰਿਹਾ ਹੈ।

ਦੂਜੇ ਪਾਸੇ, ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਜਪਾ ਪੱਛਮੀ ਬੰਗਾਲ ਦੀ ਤਰਜ਼ 'ਤੇ ਪੰਜਾਬ ਵਿੱਚ ਵੀ ਜੋੜ-ਤੋੜ ਕਰਕੇ ਸਰਕਾਰ ਬਣਾਉਣ ਦਾ ਸੁਪਨਾ ਦੇਖ ਰਹੀ ਹੈ। ਪਰ ਉਨ੍ਹਾਂ ਕੋਲ ਪੰਜਾਬੀਆਂ ਦੇ ਇਸ ਸਵਾਲ ਦਾ ਕੋਈ ਜਵਾਬ ਹੈ ਕਿ ਉਨ੍ਹਾਂ ਨੇ ਸੂਬੇ ਦੇ ਹਿੱਤਾਂ ਲਈ ਕੀ ਕੀਤਾ? ਉਲਟਾ, ਪਾਣੀਆਂ ਦੇ ਮਾਮਲੇ ਵਿੱਚ ਪੰਜਾਬ ਨੂੰ ਬਾਹਰ ਰੱਖ ਕੇ ਹਰਿਆਣਾ ਤੇ ਰਾਜਸਥਾਨ ਨਾਲ ਸਮਝੌਤੇ ਕੀਤੇ ਗਏ ਅਤੇ ਤਿੰਨ ਖੇਤੀ ਕਾਨੂੰਨ ਬਣਾ ਕੇ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸ਼੍ਰੋਮਣੀ ਅਕਾਲੀ ਦਲ, ਜੋ ਕਦੇ ਸੂਬੇ ਦੇ ਹੱਕਾਂ ਦੀ ਰਾਖੀ ਕਰਨ ਵਾਲੀ ਖੇਤਰੀ ਪਾਰਟੀ ਹੋਣ ਦਾ ਦਾਅਵਾ ਕਰਦਾ ਸੀ, ਖ਼ੁਦਮੁਖਤਿਆਰੀ ਦਾ ਅਲੰਬਰਦਾਰ ਸੀ, ਅੱਜ ਖੁਦ ਟੁੱਟ-ਭੱਜ ਅਤੇ ਖੱਖੜੀਆਂ-ਖੱਖੜੀਆਂ ਹੋਣ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਅਕਾਲੀ ਦਲ ਦੀ ਆਪਸੀ ਫੁੱਟ ਅਤੇ ਧਾਰਮਿਕ ਮਾਮਲਿਆਂ ਵਿੱਚ ਬੇਲੋੜੀ ਦਖ਼ਲਅੰਦਾਜ਼ੀ ਕਾਰਨ ਲੋਕਾਂ ਵਿੱਚ ਉਸ ਦਾ ਅਧਾਰ ਖ਼ਤਮ ਹੋ ਰਿਹਾ ਹੈ। ਉਹ ਵੀ ਭਰਮ-ਭੁਲੇਖੇ 'ਚ ਹੈ ਕਿ ਅਗਲਾ ਪੰਜਾਬ ਦਾ ਹੁਕਮਰਾਨ ਉਹ ਹੀ ਹੋਵੇਗਾ।

ਦੂਜੇ ਪਾਸੇ, 'ਵਾਰਿਸ ਪੰਜਾਬ ਦੇ' ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਰਗੀਆਂ ਧਿਰਾਂ ਸਿਰਫ਼ ਸਿੱਖ ਵੋਟਾਂ ਅਤੇ ਭਾਵੁਕ ਮੁੱਦਿਆਂ ਦੇ ਸਿਰ 'ਤੇ ਪੰਜਾਬ ਵਿੱਚ ਸੱਤਾ ਹਾਸਲ ਕਰਨ ਦੇ ਭਰਮ ਪਾਲੀ ਬੈਠੀਆਂ ਹਨ। ਦੁਆਬਾ ਖੇਤਰ ਵਿੱਚ ਸਰਗਰਮ ਬਸਪਾ ਲਈ ਤਾਕਤ ਵਿੱਚ ਆਉਣਾ ਇੱਕ ਨਾਮੁਮਕਿਨ ਸੁਪਨੇ ਵਰਗਾ ਹੈ, ਜਦਕਿ ਉਹ ਵੀ ਪੰਜਾਬ ਸ਼ਾਸ਼ਕ ਬਣਨਾ ਲੋਚਦਾ ਹੈ। ਖੱਬੀਆਂ ਧਿਰਾਂ ਵੀ ਸਿਆਸੀ ਮੈਦਾਨ ਵਿੱਚ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੀਆਂ ਹਨ ਪਰ ਕੋਈ ਵੱਡਾ ਲੋਕ-ਉਭਾਰ ਪੈਦਾ ਕਰਨ ਵਿੱਚ ਅਸਮਰੱਥ ਰਹੀਆਂ ਹਨ, ਜਿਸਦੀ ਤਵੱਕੋ ਆਮ ਲੋਕਾਂ ਨੂੰ ਸੀ।

ਇੱਥੇ ਹੀ ਬੱਸ ਨਹੀਂ ਸਿਆਸੀ ਨੇਤਾ ਪਾਰਟੀਆਂ ਬਦਲ ਰਹੇ ਹਨ ਅਤੇ ਇਸ ਤਾਕ ਵਿੱਚ ਹਨ ਕਿ ਉਹਨਾਂ ਨੂੰ ਕਿਸ ਸਿਆਸੀ ਪਾਰਟੀ 'ਚ ਜਾ ਕੇ ਫ਼ਾਇਦਾ ਮਿਲੇਗਾ ਅਤੇ ਉਹ ਅਗਲੇ ਸ਼ਾਸ਼ਕ ਬਣ ਸਕਣਗੇ। ਇਹ ਸਵਾਰਥੀ ਨੇਤਾ ਲੋਕ ਹਿੱਤ ਤਿਆਗਕੇ, ਆਪਣੇ ਹਿੱਤਾਂ ਦੀ ਪੂਰਤੀ ਲਈ ਯਤਨਸ਼ੀਲ ਹਨ। "ਆਇਆ ਰਾਮ-ਗਿਆ ਰਾਮ" ਦੀ ਸਿਆਸਤ ਨੇ ਪੰਜਾਬ ਦੇ ਨੇਤਾਵਾਂ ਦੀ ਨੈਤਿਕਤਾ 'ਤੇ ਵੱਡੇ ਸੁਆਲ ਉਠਾਏ ਹਨ।

ਸਭ ਤੋਂ ਵੱਡਾ ਸੁਆਲ ਇਹ ਹੈ ਕਿ ਕੀ ਕੋਈ ਵੀ ਪਾਰਟੀ ਅਗਲੇ 5 ਸਾਲਾਂ ਦਾ ਮੈਨੀਫੈਸਟੋ ਅਤੇ ਉਸ ਨੂੰ ਲਾਗੂ ਕਰਨ ਦਾ ਰੋਡ-ਮੈਪ ਪੇਸ਼ ਕਰਨ ਲਈ ਤਿਆਰ ਹੈ? ਕੀ ਉਨ੍ਹਾਂ ਕੋਲ ਉੱਜੜ ਰਹੇ ਪੰਜਾਬ ਨੂੰ ਬਚਾਉਣ ਦਾ ਕੋਈ ਪਲਾਨ ਹੈ?

ਜੇਕਰ ਪਿੰਡ ਮਰ ਗਿਆ, ਤਾਂ ਪੰਜਾਬ ਮਰ ਜਾਵੇਗਾ ਕਿਉਂਕਿ ਪੰਜਾਬ ਦੀ ਰੂਹ ਪਿੰਡ, ਕਿਸਾਨ ਅਤੇ ਖੇਤੀ 'ਤੇ ਹੀ ਨਿਰਭਰ ਹੈ। ਪੰਜਾਬੀਆਂ ਨੂੰ ਮੁਫ਼ਤ ਦੀਆਂ ਸਹੂਲਤਾਂ ਵੰਡ ਕੇ ਮੰਗਤੇ ਬਣਾਉਣ ਦੀ ਬਜਾਏ, ਖੇਤੀ ਅਧਾਰਿਤ ਕਾਰਖਾਨੇ ਲਗਾ ਕੇ ਜਾਂ ਸਵੈ-ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਅਣਖੀ ਬਣਾਉਣ ਦੀ ਕੋਈ ਤਰਕੀਬ ਸਿਆਸੀ ਪਾਰਟੀਆਂ ਕੋਲ ਨਜ਼ਰ ਨਹੀਂ ਆਉਂਦੀ।

ਪੰਜਾਬ ਦਾ ਇਤਿਹਾਸ ਜ਼ੁਲਮ ਵਿਰੁੱਧ ਲੜਨ ਅਤੇ ਸਵਾਲਾਂ ਦੇ ਜਵਾਬ ਮੰਗਣ ਦਾ ਇਤਿਹਾਸ ਹੈ। ਸਿਆਸੀ ਧਿਰਾਂ ਨੂੰ ਆਪਣੇ ਭਰਮ-ਭੁਲੇਖੇ ਛੱਡ ਕੇ ਪੰਜਾਬ ਦੇ ਅਸਲ ਹਿਤੈਸ਼ੀ ਹੋਣ ਦਾ ਸਬੂਤ ਦੇਣਾ ਪਵੇਗਾ, ਤਾਂ ਜੋ ਪੰਜਾਬ ਦੇ ਜ਼ਖ਼ਮ ਭਰ ਸਕਣ ਅਤੇ ਪੰਜਾਬੀ ਮੁੜ ਅਣਖ ਨਾਲ ਜਿਊਣ ਦੇ ਕਾਬਲ ਹੋ ਸਕਣ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਪਹਿਲੀ ਵਰ੍ਹੇਗੰਢ 'ਤੇ ਵਿਸ਼ੇਸ਼ !

**ਫਰੈਂਕਫਰਟ**
**ਸਰਬਜੀਤ ਸਿੰਘ**

ਬੀਤੇ ਦਿਨ ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਨੇ ਔਨਲਾਈਨ ਲਾਈਵ ਕਵੀ ਦਰਬਾਰ 'ਕਲਾਮ ਪੇਸ਼ ਹੈ' ਕਰਵਾ ਕੇ ਆਪਣੀ ਪਹਿਲੀ ਵਰ੍ਹੇਗੰਢ ਬੜੀ ਧੂਮਧਾਮ ਨਾਲ ਮਨਾਈ। ਇਸ ਕਵੀ ਦਰਬਾਰ ਵਿੱਚ ਪੰਜਾਬ, ਰਾਜਸਥਾਨ, ਦਿੱਲੀ, ਬੰਬੇ, ਇਟਲੀ, ਜਰਮਨੀ, ਇੰਗਲੈਂਡ, ਅਫਰੀਕਾ, ਕੈਨੇਡਾ ਤੋਂ ਵੱਖ ਵੱਖ ਕਵੀ ਕਵਿਤਰੀਆਂ ਨੇ ਭਾਗ ਲਿਆ। ਇਸ ਵਿੱਚ ਕਵਿਤਾਵਾਂ, ਗੀਤ, ਗ਼ਜ਼ਲ ਦੇ ਵੱਖ ਵੱਖ ਰੰਗ ਪੇਸ਼ ਕੀਤੇ ਗਏ। ਇਸ ਵਿੱਚ ਖਾਸ ਵਿਸ਼ੇ ਸਨ ਮਾਂ ਦੀ ਮਮਤਾ, ਭਾਈ ਮਨੀ ਸਿੰਘ ਜੀ ਦੀ ਸ਼ਹੀਦੀ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦਾ ਮਨੁੱਖੀ ਅਧਿਕਾਰਾਂ ਲਈ ਲੜਨਾ, ਕੌਮਾਂਤਰੀ ਪੰਜਾਬੀ ਕਾਫ਼ਲਾ ਦੀਆਂ ਪ੍ਰਾਪਤੀਆਂ ਤੇ ਭਵਿੱਖ ਲਈ ਉਦੇਸ਼, ਨਿੱਕੀਆਂ ਬੱਚੀਆਂ ਨਾਲ ਹੁੰਦੇ ਬਲਾਤਕਾਰ ਦੀ ਗੱਲ, ਰੰਗਲੇ ਪੰਜਾਬ ਦੀ ਗੱਲ ਤੇ ਮਹਿਮਾ, ਪਤੀ ਦੇ ਵਿਛੋੜੇ ਤੋਂ ਬਾਅਦ ਕਲਮ ਚੁੱਕਣ ਦੀ ਗੱਲ, ਬੀਤੇ ਤੇ ਪਛਤਾਵਾ ਕਾਹਦਾ, ਪੌਣ ਪਰਿੰਦੇ ਲੋਚਦੇ ਪਾਉਣਾ ਇੱਕ ਅਸਮਾਨ ਦੀ ਗੱਲ, ਸਾਥੀ ਬਣਕੇ ਅਕਸਰ ਮੈਨੂੰ ਇੰਝ ਸਤਾਉਂਦੇ ਗ਼ਮਾਂ ਦੀ ਗੱਲ, ਗੱਲ ਭੁੱਲਣ ਵਾਲੀ ਹੁੰਦੀ, ਸਤਲੁਜ ਦੀਆਂ ਲਹਿਰਾਂ ਦੇ ਵਿੱਚੋਂ ਅੱਜ ਵੀ ਆਉਣ ਅਵਾਜ਼ਾਂ, ਧੰਨ ਧੰਨ ਪੰਜਵੇਂ ਗੁਰੂ ਤੇਰਾ ਵੇਖਿਆ ਸੀ ਸਿਦਕ ਕਮਾਲ ਦਾ ਆਦਿ ਖਾਸ ਵਿਸ਼ਿਆਂ ਤੇ ਕਵਿਤਾਵਾਂ, ਗੀਤ ਤੇ ਗਜ਼ਲਾਂ ਗਾ ਕੇ ਸਭ ਨੇ ਮਹਿਫ਼ਲ ਨੂੰ ਖੁਸ਼ੀਆਂ ਦੇ ਮਾਹੌਲ ਵਿੱਚ ਰੰਗਿਆ।

ਕਾਫ਼ਲੇ ਦੇ ਜਨਰਲ ਸਕੱਤਰ ਪ੍ਰਸਿੱਧ ਗ਼ਜ਼ਲਗੋ ਮੁਖਤਾਰ ਸਿੰਘ ਚੰਦੀ ਸੁਲਤਾਨ ਪੁਰ ਲੋਧੀ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਣ ਸਾਰ ਸਭ ਤੋਂ ਪਹਿਲਾਂ ਸਾਰਿਆਂ ਨੂੰ ਪਹਿਲੀ ਵਰ੍ਹੇਗੰਢ ਦੀ ਵਧਾਈ ਦਿੱਤੀ ਤੇ ਮੰਚ ਸੰਚਾਲਨ ਸ਼ੁਰੂ ਕਰਨ ਸਾਰ ਇੱਕ ਬਹੁਤ ਪਿਆਰਾ ਸ਼ੇਅਰ ਅਰਜ਼ ਕੀਤਾ ਤੇ ਸਾਰੇ




ਸਾਲ ਵਿੱਚ ਕਾਫ਼ਲੇ ਵਲੋਂ ਕੀਤੇ ਗਏ ਸਫਲ ਲਾਈਵ ਪ੍ਰੋਗਰਾਮਾਂ ਦਾ ਵੇਰਵਾ ਕੁਝ ਇਸ ਤਰ੍ਹਾਂ ਦਿੱਤਾ।

1. 10 ਵਾਰ ਕਵੀ ਦਰਬਾਰ 'ਕਲਾਮ ਪੇਸ਼ ਹੈ'
2. 4 ਵਾਰ ਵਿਸੇਸ਼ ਮੁਲਾਕਾਤ 'ਦਿਲ ਦੇ ਵਰਕੇ ਫੋਲ'
3. 5 ਵਾਰ ਪੁਸਤਕ ਪੜਚੋਲ 'ਅੱਖਰ ਬੋਲਦੇ ਨੇ'
4. 4 ਵਾਰ ਕਹਾਣੀ ਦਰਬਾਰ 'ਹੱਡ ਬੀਤੀਆਂ ਜੱਗ ਬੀਤੀਆਂ'

ਇਸ ਕਵੀ ਦਰਬਾਰ ਵਿੱਚ ਕਾਫ਼ਲਾ ਪ੍ਰਧਾਨ ਪ੍ਰਸਿੱਧ ਨਾਵਲਕਾਰ ਬਿੰਦਰ ਕੋਲੀਆਂ ਵਾਲ ਇਟਲੀ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਪਹਿਲੀ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਆਪਣੀ ਖੁਸ਼ੀ ਜ਼ਾਹਰ ਕੀਤੀ ਤੇ ਪਹਿਲੇ ਸਾਲ ਵਿੱਚ ਕਾਫ਼ਲੇ ਵਲੋਂ ਉੱਚੀਆਂ ਪੁਲਾਂਘਾਂ ਚੜ੍ਹ ਜਾਣ ਲਈ ਸਭ ਮੈਂਬਰਾਂ ਦਾ ਸ਼ੁਕਰਾਨਾ ਵੀ ਕੀਤਾ, ਮੈਂਬਰਾਂ ਦੇ ਨਾਲ ਨਾਲ ਉਹਨਾਂ ਦਾ ਵੀ ਖ਼ਾਸ ਸ਼ੁਕਰਾਨਾ ਕੀਤਾ ਜਿਹੜੇ ਕਾਫ਼ਲਾ ਬਣਾਉਣ ਸਮੇਂ ਕਹਿੰਦੇ ਸਨ "ਬਥੇਰੇ ਗਰੁੱਪ ਬਣਦੇ ਇਸ ਤਰ੍ਹਾਂ ਦੇ, ਮਹੀਨਾ ਦੋ ਮਹੀਨੇ ਚੱਲ ਕੇ ਬੰਦ ਹੋ ਜਾਵੇਗਾ!" ਪਰ ਹੋ ਉਹਨਾਂ ਦੀਆਂ ਉਮੀਦਾਂ ਦੇ ਬਿਲਕੁਲ ਉਲਟ ਕਿ ਇਹ ਕਾਫ਼ਲਾ ਤਾਂ ਆਪਣੀਆਂ ਨਿੱਕੀਆਂ ਨਿੱਕੀਆਂ ਪੁਲਾਂਘਾਂ ਨਾਲ ਵੱਡੀਆਂ ਮੰਜ਼ਿਲਾਂ ਸਰ ਕਰ ਰਿਹਾ ਹੈ। ਕਾਫ਼ਲਾ ਸਰਪ੍ਰਸਤ ਪ੍ਰਸਿੱਧ ਗ਼ਜ਼ਲਗੋ ਗੁਰਚਰਨ ਸਿੰਘ ਜੋਗੀ ਜੀ ਰਾਜਸਥਾਨ ਨੇ ਵੀ ਸਭ ਨੂੰ ਪਹਿਲੀ ਵਰ੍ਹੇਗੰਢ ਦੀ ਵਧਾਈ ਦਿੱਤੀ ਤੇ ਕਾਫ਼ਲੇ ਵਲੋਂ ਕੀਤੇ ਅਹਿਮ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਮੁੱਖ ਸਲਾਹਕਾਰ ਗ਼ਜ਼ਲਗੋ ਤੇ ਕਵੀਸ਼ਰ ਪਰਵਿੰਦਰ ਸਿੰਘ ਹੇਅਰ ਬੰਬੇ, ਆਰਗੇਨਾਇਜਰ ਕਲਾਕਾਰ ਮੰਗਤ ਖਾਨ ਪਟਿਆਲਾ, ਪ੍ਰੈੱਸ ਸਕੱਤਰ ਸਰਬਜੀਤ ਸਿੰਘ ਜਰਮਨੀ, ਤਾਲਮੇਲ ਸਕੱਤਰ ਕਵਿੱਤਰੀ ਪੋਲੀ ਬਰਾੜ ਅਮਰੀਕਾ, ਲੇਖਕ ਪ੍ਰੀਤਮਾ ਦਿੱਲੀ, ਕਵਿੱਤਰੀ ਇੰਦਰਜੀਤ ਕੌਰ ਵਡਾਲਾ, ਪ੍ਰੋਫੈਸਰ ਰਜਨੀ ਵਾਲੀਆਂ ਕਪੂਰਥਲਾ, ਪ੍ਰਸਿੱਧ ਢਾਡੀ ਕਵੀਸ਼ਰ ਸਤਨਾਮ ਸਿੰਘ ਬੱਲੋਵਾਲੀਆ, ਲੇਖਕ ਨਛੱਤਰ ਸਿੰਘ ਭੋਗਲ ਇੰਗਲੈਂਡ, ਲੇਖਕ ਸਤਿੰਦਰ ਸਿੰਘ ਓਠੀ ਪੰਜਾਬ, ਲੇਖਕ ਪਰਗਟ ਸਿੰਘ ਗਿੱਲ ਪੰਜਾਬ, ਲੇਖਕ ਮੇਹਰਬਾਨ ਸਿੰਘ ਜੋਸਨ ਪੰਜਾਬ, ਕਲਾਕਾਰ ਸੋਹਨ ਸਿੰਘ ਸੁਨੀਲਾ ਪੰਜਾਬ, ਲੇਖਕ ਸੁੱਖਵਿੰਦਰ ਸਿੰਘ ਪੰਜਾਬ ਅਤੇ ਕਲਾਕਾਰ ਤੇ ਪੇਸ਼ਕਾਰ ਬਾਜਵਾ ਸਿੰਘ ਅਫਰੀਕਾ ਆਦਿ ਨੇ ਹਾਜ਼ਰੀ ਲਗਵਾਈ ਤੇ ਕਵੀ ਦਰਬਾਰ ਚ ਵਾਹ ਵਾਹ ਖੱਟੀ।

ਸਰੋਤਿਆਂ ਦਾ ਧੰਨਵਾਦ ਕਰਦਿਆਂ ਉਹਨਾਂ ਦੀਆਂ ਲਾਈਵ ਟਿੱਪਣੀਆਂ ਪੜ੍ਹ ਕੇ ਸੁਣਾਈਆਂ ਗਈਆਂ। ਪ੍ਰੋਗਰਾਮ ਦੇ ਅੰਤ ਵਿੱਚ ਮੰਗਤ ਖਾਨ ਨੇ ਹਾਜ਼ਰੀ ਭਰ ਰਹੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਆਸ ਪ੍ਰਗਟਾਈ ਕਿ ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਵੀ ਮਾਂ ਬੋਲੀ ਪੰਜਾਬੀ ਲਈ ਵਿਸ਼ੇਸ਼ ਉਪਰਾਲੇ ਕਰਦਾ ਰਹੇਗਾ।

## ਨਿਊਜ਼ੀਲੈਂਡ ਦੀ ਧਰਤੀ ਤੋਂ ਸਿੱਖ ਵਿਰਾਸਤ ਨੂੰ ਵਿਸ਼ਵ ਸਨਮਾਨ

## ਪ੍ਰਧਾਨ ਮੰਤਰੀ ਮੋਦੀ ਦਾ ਕੂਟਨੀਤੀ, ਡਾਇਸਪੋਰਾ ਅਤੇ ਵਿਸ਼ਵ ਪੱਧਰ 'ਤੇ ਸਿੱਖ ਪਛਾਣ ਬਾਰੇ ਢੁਕਵਾਂ ਸੰਦੇਸ਼

**ਅੰਮ੍ਰਿਤਸਰ**
**ਡਾ.ਰਜਿੰਦਰ ਰਿਖੀ**

ਜਦੋਂ ਦੁਨੀਆ ਨਫ਼ਰਤ, ਧਾਰਮਿਕ ਅਸਹਿਣਸ਼ੀਲਤਾ ਅਤੇ ਟਕਰਾਵਾਂ ਨਾਲ ਜੂਝ ਰਹੀ ਹੈ, ਉਦੋਂ ਨਿਊਜ਼ੀਲੈਂਡ ਦੀ ਧਰਤੀ ਤੋਂ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਸੇਵਾ, ਸਮਾਨਤਾ, ਸਾਹਸ ਅਤੇ ਸਰਬੱਤ ਦੇ ਭਲੇ ਦਾ ਵਿਸ਼ਵ ਮੰਚ 'ਤੇ ਜ਼ਿਕਰ ਸਿਰਫ਼ ਇੱਕ ਰਾਜਨੀਤਿਕ ਬਿਆਨ ਨਹੀਂ, ਸਗੋਂ ਮਨੁੱਖਤਾ ਦੇ ਸਾਂਝੇ ਮੁੱਲਾਂ ਦੀ ਪੁਸ਼ਟੀ ਸੀ। ਇਸੇ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੁਲਾਈ 2026 ਦਾ ਨਿਊਜ਼ੀਲੈਂਡ ਦੌਰਾ ਇੱਕ ਸਧਾਰਨ ਕੂਟਨੀਤਕ ਫੇਰੀ ਤੋਂ ਅੱਗੇ ਵੱਧ ਕੇ ਸਭਿਆਚਾਰਕ, ਸਭਿਅਤਾਤਮਕ ਅਤੇ ਡਾਇਸਪੋਰਾ ਕੂਟਨੀਤੀ ਦਾ ਇੱਕ ਇਤਿਹਾਸਕ ਪਲ ਬਣ ਗਿਆ। ਇੱਕ ਪਾਸੇ ਇਸ ਫੇਰੀ ਨੇ ਭਾਰਤ ਅਤੇ ਨਿਊਜ਼ੀਲੈਂਡ ਦੇ ਸੰਬੰਧਾਂ ਨੂੰ 'ਰਣਨੀਤਿਕ ਭਾਈਵਾਲੀ' ਦੇ ਨਵੇਂ ਪੜਾਅ ਵਿੱਚ ਦਾਖ਼ਲ ਕੀਤਾ, ਤਾਂ ਦੂਜੇ ਪਾਸੇ ਆਕਲੈਂਡ ਦੀ ਧਰਤੀ ਤੋਂ ਸਿੱਖ ਵਿਰਾਸਤ, ਗੁਰੂਆਂ ਦੀਆਂ ਸਿੱਖਿਆਵਾਂ ਅਤੇ 'ਸਰਬੱਤ ਦੇ ਭਲੇ' ਦੇ ਸੰਦੇਸ਼ ਨੂੰ ਵਿਸ਼ਵ ਰਾਜਨੀਤੀ ਦੇ ਕੇਂਦਰ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ। ਇਹ ਕੇਵਲ ਦੋ ਦੇਸ਼ਾਂ ਦੇ ਸੰਬੰਧਾਂ ਦਾ ਵਿਸਥਾਰ ਨਹੀਂ ਸੀ, ਸਗੋਂ ਭਾਰਤ ਦੀ ਉਸ ਸਭਿਆਚਾਰਕ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਵੀ ਸੀ, ਜੋ ਆਪਣੀ ਆਰਥਿਕ ਅਤੇ ਰਣਨੀਤਿਕ ਤਾਕਤ ਦੇ ਨਾਲ-ਨਾਲ ਆਪਣੀ ਅਧਿਆਤਮਿਕ ਅਤੇ ਮਨੁੱਖਤਾਵਾਦੀ ਵਿਰਾਸਤ ਨੂੰ ਵੀ ਵਿਸ਼ਵ ਮੰਚ 'ਤੇ ਸਮਾਨ ਮਹੱਤਵ ਦੇਣਾ ਚਾਹੁੰਦੀ ਹੈ।

ਇਸ ਫੇਰੀ ਦੌਰਾਨ ਭਾਰਤ ਅਤੇ ਨਿਊਜ਼ੀਲੈਂਡ ਨੇ ਰੱਖਿਆ, ਵਪਾਰ, ਸਮੁੰਦਰੀ ਸੁਰੱਖਿਆ, ਖੇਡਾਂ, ਪਸ਼ੂ ਪਾਲਣ ਅਤੇ ਅੱਤਵਾਦ ਵਿਰੋਧੀ ਸਹਿਯੋਗ ਸਮੇਤ 18 ਮਹੱਤਵਪੂਰਨ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਦੋਵਾਂ ਦੇਸ਼ਾਂ ਨੇ ਸਾਲ 2030 ਤੱਕ ਦੁਵੱਲੇ ਵਪਾਰ ਨੂੰ 7 ਅਰਬ ਨਿਊਜ਼ੀਲੈਂਡ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਵੀ ਤੈਅ ਕੀਤਾ ਹੈ। ਇਹ ਪ੍ਰਾਪਤੀਆਂ ਭਾਰਤ ਦੀ ਵਧਦੀ ਆਰਥਿਕ ਅਤੇ ਰਣਨੀਤਿਕ ਸਮਰੱਥਾ ਦਾ ਪ੍ਰਤੀਕ ਹਨ, ਪਰ ਇਸ ਫੇਰੀ ਦਾ ਸਭ ਤੋਂ ਦੂਰਗਾਮੀ ਅਤੇ ਅਰਥਪੂਰਨ ਪੱਖ 11 ਜੁਲਾਈ 2026 ਨੂੰ ਆਕਲੈਂਡ ਦੇ ਸਪਾਰਕ ਐਰੇਨਾ ਵਿੱਚ ਹੋਏ "ਖਿਓਰਓ ਦਿ" ਸਮਾਗਮ ਦੌਰਾਨ ਪ੍ਰਧਾਨ ਮੰਤਰੀ ਮੋਦੀ ਵੱਲੋਂ ਸਿੱਖ ਗੁਰੂਆਂ, ਸਿੱਖ ਇਤਿਹਾਸ ਅਤੇ ਸਿੱਖ ਕੌਮ ਦੇ ਵਿਸ਼ਵ-ਵਿਆਪੀ ਯੋਗਦਾਨ ਨੂੰ ਦਿੱਤਾ ਗਿਆ ਸਨਮਾਨ ਸੀ। ਇਹ ਸੰਦੇਸ਼ ਸਿੱਖ ਕੌਮ ਦੀ ਵਿਸ਼ਵ ਪੱਧਰੀ ਪਛਾਣ, ਭਾਰਤ ਦੀ ਡਾਇਸਪੋਰਾ ਕੂਟਨੀਤੀ, ਧਾਰਮਿਕ ਸਹਿਣਸ਼ੀਲਤਾ ਅਤੇ ਸਭਿਆਚਾਰਕ ਵਿਰਾਸਤ ਪ੍ਰਤੀ ਉਸ ਦੀ ਵਚਨਬੱਧਤਾ ਦਾ ਇੱਕ ਮਹੱਤਵਪੂਰਨ ਪ੍ਰਗਟਾਵਾ ਬਣ ਕੇ ਉੱਭਰਿਆ। ਅੱਜ ਦਾ ਭਾਰਤ ਆਪਣੀ ਆਰਥਿਕ ਸ਼ਕਤੀ ਦੇ ਨਾਲ-ਨਾਲ ਆਪਣੀ ਸਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਨੂੰ ਵੀ ਵਿਸ਼ਵ ਮੰਚ 'ਤੇ ਪੇਸ਼ ਕਰ ਰਿਹਾ ਹੈ। ਇਸੇ ਸੰਦਰਭ ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਵਿਸ਼ਵ-ਵਿਆਪੀ ਮੁੱਲਾਂ ਵਜੋਂ ਪੇਸ਼ ਕਰਨਾ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਉਨ੍ਹਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀਆਂ ਲਾਸਾਨੀ ਕੁਰਬਾਨੀਆਂ ਨੂੰ ਸ਼ਰਧਾ ਨਾਲ ਯਾਦ ਕੀਤਾ ਅਤੇ ਸਿੱਖ ਧਰਮ ਦੀਆਂ ਮੂਲ ਕਦਰਾਂ ਕੀਮਤਾਂ ਨੂੰ ਮਨੁੱਖਤਾ ਲਈ ਮਾਰਗ ਦਰਸ਼ਕ ਸਿਧਾਂਤਾਂ ਵਜੋਂ ਵਿਸ਼ਵ ਸਾਹਮਣੇ ਰੱਖਦਿਆਂ ਇਸ ਗਲ 'ਤੇ ਜ਼ੋਰ ਦਿਤਾ ਕਿ ਦੁਨੀਆ ਦੇ ਹਰ ਕੋਨੇ ਵਿੱਚ ਸਥਿਤ ਗੁਰਦੁਆਰੇ ਨਿਸ਼ਕਾਮ ਸੇਵਾ ਦੇ ਕੇਂਦਰ ਹਨ, ਜਿੱਥੇ ਹਰ ਲੋੜਵੰਦ ਨੂੰ ਲੰਗਰ ਅਤੇ ਆਸਰਾ ਮਿਲਦਾ ਹੈ।

ਸਿੱਖ ਧਰਮ ਦੀ ਇਹ ਵਿਚਾਰਧਾਰਾ ਕੋਈ ਨਵੀਂ ਨਹੀਂ। ਗੁਰੂ ਨਾਨਕ ਦੇਵ ਜੀ ਦਾ "ਨ ਕੋ ਬੈਰੀ ਨਹੀ ਬਿਗਾਨਾ" ਅਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦਾ ਸੰਦੇਸ਼ ਮਨੁੱਖੀ ਏਕਤਾ ਅਤੇ ਸਹਿ-ਅਸਤਿਤਵ ਦੀ ਅਜਿਹੀ ਵਿਆਖਿਆ ਕਰਦਾ ਹੈ, ਜਿਸ ਦੀ ਲੋੜ ਅੱਜ ਦੇ ਟਕਰਾਵਾਂ ਨਾਲ ਭਰੇ ਸੰਸਾਰ ਨੂੰ ਪਹਿਲਾਂ ਨਾਲੋਂ ਵੱਧ ਹੈ। ਜਦੋਂ ਦੁਨੀਆ ਧਾਰਮਿਕ ਅਸਹਿਣਸ਼ੀਲਤਾ, ਨਸਲੀ ਨਫ਼ਰਤ, ਹਿੰਸਕ ਕੱਟੜਪੰਥ ਅਤੇ ਟਕਰਾਵਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਉਦੋਂ ਸਿੱਖ ਗੁਰੂਆਂ ਦਾ ਇਹ ਸੰਦੇਸ਼ ਵਿਸ਼ਵ ਸ਼ਾਂਤੀ, ਸਹਿ-ਅਸਤਿਤਵ ਅਤੇ ਮਨੁੱਖੀ ਏਕਤਾ ਲਈ ਹੋਰ ਵੀ ਪ੍ਰਸੰਗਿਕ ਹੋ ਜਾਂਦਾ ਹੈ।

ਨਿਊਜ਼ੀਲੈਂਡ ਦੇ ਮੌਜੂਦਾ ਸਮਾਜਿਕ ਪ੍ਰਸੰਗ ਵਿੱਚ ਇਹ ਸੰਦੇਸ਼ ਇਸ ਲਈ ਹੋਰ ਵੀ ਅਹਿਮ ਹੋ ਜਾਂਦਾ ਹੈ ਕਿਉਂਕਿ ਪਿਛਲੇ ਕੁਝ ਸਮੇਂ ਦੌਰਾਨ ਉੱਥੇ ਕੁਝ ਕੱਟੜਪੰਥੀ ਤੱਤਾਂ ਵੱਲੋਂ ਸਿੱਖ ਪਛਾਣ ਅਤੇ ਨਗਰ ਕੀਰਤਨਾਂ ਦੇ ਵਿਰੁੱਧ ਨਫ਼ਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਦਸੰਬਰ 2025 ਵਿੱਚ ਬ੍ਰਾਇਨ ਤਮਾਕੀ ਦੀ ਅਗਵਾਈ ਵਾਲੇ ਕੱਟੜਪੰਥੀ "ਡੈਸਟਨੀ ਗਰੁੱਪ" ਵੱਲੋਂ ਇੱਕ ਨਗਰ ਕੀਰਤਨ ਨੂੰ ਰੋਕਣ ਅਤੇ ਉਸ ਵਿੱਚ ਖ਼ਲਲ ਪਾਉਣ ਦੀ ਕੋਸ਼ਿਸ਼ ਨੇ ਸਿੱਖ ਭਾਈਚਾਰੇ ਨੂੰ ਗਹਿਰੀ ਚਿੰਤਾ ਵਿੱਚ ਪਾ ਦਿੱਤਾ ਸੀ। ਪਰ ਇਸ ਦੇ ਬਾਵਜੂਦ ਸਿੱਖ ਭਾਈਚਾਰੇ ਨੇ ਅਸਧਾਰਨ ਸੰਜਮ, ਸਹਿਣਸ਼ੀਲਤਾ ਅਤੇ ਸ਼ਾਂਤੀ ਦਾ ਪ੍ਰਦਰਸ਼ਨ ਕਰਦਿਆਂ ਗੁਰੂ ਸਾਹਿਬਾਨ ਦੇ "ਸਰਬੱਤ ਦੇ ਭਲੇ" ਦੇ ਸੰਦੇਸ਼ ਦਾ ਪੱਲਾ ਨਹੀਂ ਛੱਡਿਆ ਸੀ।

ਉਸ ਸਮੇਂ ਸਿੱਖ ਭਾਈਚਾਰੇ ਵੱਲੋਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਸੀ ਕਿ ਨਿਊਜ਼ੀਲੈਂਡ ਸਰਕਾਰ ਕੋਲ ਕੂਟਨੀਤਕ ਪੱਧਰ 'ਤੇ ਮਾਮਲਾ ਉਠਾ ਕੇ ਨਗਰ ਕੀਰਤਨਾਂ ਅਤੇ ਹੋਰ ਧਾਰਮਿਕ ਸਮਾਗਮਾਂ ਦੀ ਨਿਰਵਿਘਨਤਾ, ਸਿੱਖਾਂ ਦੇ ਧਾਰਮਿਕ ਅਧਿਕਾਰਾਂ ਦੀ ਸੁਰੱਖਿਆ ਅਤੇ ਭਾਰਤੀ ਭਾਈਚਾਰੇ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਜਾਵੇ।

ਅਜਿਹੇ ਮਾਹੌਲ ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਸਿੱਖਾਂ ਨੂੰ "ਮਨੁੱਖਤਾ ਦੀ ਸੇਵਾ ਕਰਨ ਵਾਲਾ ਭਾਈਚਾਰਾ" ਦੱਸਣਾ ਕੇਵਲ ਪ੍ਰਸ਼ੰਸਾ ਨਹੀਂ ਸੀ, ਸਗੋਂ ਇੱਕ ਮਜ਼ਬੂਤ ਕੂਟਨੀਤਕ ਅਤੇ ਨੈਤਿਕ ਸੰਦੇਸ਼ ਵੀ ਸੀ ਕਿ ਸਿੱਖ ਸੱਭਿਆਚਾਰ ਕਿਸੇ ਲਈ ਖ਼ਤਰਾ ਨਹੀਂ, ਸਗੋਂ ਸਮਾਜਿਕ ਸਾਂਝ, ਸਹਿ-ਅਸਤਿਤਵ ਅਤੇ ਮਨੁੱਖੀ ਸੇਵਾ ਦਾ ਪ੍ਰਤੀਕ ਹੈ। ਇਹ ਉਨ੍ਹਾਂ ਤੱਤਾਂ ਲਈ ਵੀ ਸਪੱਸ਼ਟ ਜਵਾਬ ਸੀ ਜੋ ਸਿੱਖਾਂ ਦੀ ਸ਼ਾਂਤੀ-ਪਸੰਦ ਅਤੇ ਮਨੁੱਖਤਾਵਾਦੀ ਪਛਾਣ ਨੂੰ ਗ਼ਲਤ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਨਾਲ ਹੀ ਇਹ ਉਨ੍ਹਾਂ ਧਾਰਨਾਵਾਂ ਨੂੰ ਚੁਣੌਤੀ ਹੈ ਜੋ ਭਾਰਤ ਸਰਕਾਰ ਅਤੇ ਸਿੱਖ ਭਾਈਚਾਰੇ ਦੇ ਰਿਸ਼ਤੇ ਨੂੰ ਕੇਵਲ ਰਾਜਨੀਤਿਕ ਨਜ਼ਰੀਏ ਨਾਲ ਦੇਖਦੀਆਂ ਹਨ।

ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦਾ ਇੱਕ ਹੋਰ ਮਹੱਤਵਪੂਰਨ ਪੱਖ ਇਹ ਸੀ ਕਿ ਇਸ ਨੇ ਵਿਦੇਸ਼ਾਂ ਵਿੱਚ ਵੱਸਦੇ ਸਿੱਖਾਂ ਦੇ ਮਾਣ-ਸਨਮਾਨ ਅਤੇ ਸੁਰੱਖਿਆ ਦੇ ਮੁੱਦੇ ਨੂੰ ਅੰਤਰਰਾਸ਼ਟਰੀ ਮੰਚ ਪ੍ਰਦਾਨ ਕੀਤਾ। ਇਸ ਨਾਲ ਇਹ ਸੰਦੇਸ਼ ਵੀ ਗਿਆ ਕਿ ਭਾਰਤ ਸਰਕਾਰ ਸਿੱਖ ਵਿਰਾਸਤ ਅਤੇ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਦੇਸ਼ ਦੀ ਸਾਂਝੀ ਸਭਿਆਚਾਰਕ ਪੂੰਜੀ ਮੰਨਦੀ ਹੈ ਅਤੇ ਆਪਣੇ ਪ੍ਰਵਾਸੀ ਭਾਈਚਾਰੇ ਦੇ ਧਾਰਮਿਕ ਅਧਿਕਾਰਾਂ ਅਤੇ ਸੁਰੱਖਿਆ ਪ੍ਰਤੀ ਵੀ ਸੰਵੇਦਨਸ਼ੀਲ ਹੈ।

ਅੱਜ ਦੀ ਵਿਸ਼ਵ ਰਾਜਨੀਤੀ ਵਿੱਚ ਡਾਇਸਪੋਰਾ ਕੂਟਨੀਤੀ ਦੀ ਮਹੱਤਤਾ ਲਗਾਤਾਰ ਵਧ ਰਹੀ ਹੈ। ਵਿਦੇਸ਼ਾਂ ਵਿੱਚ ਵੱਸਦੇ ਭਾਰਤੀ ਹੁਣ ਸਿਰਫ਼ ਆਰਥਿਕ ਸ਼ਕਤੀ ਨਹੀਂ, ਸਗੋਂ ਭਾਰਤ ਦੀ ਸਭਿਆਚਾਰਕ ਅਤੇ ਰਣਨੀਤਿਕ ਤਾਕਤ ਦਾ ਵੀ ਅਹਿਮ ਹਿੱਸਾ ਹਨ। ਇਸ ਵਿੱਚ ਸਿੱਖ ਭਾਈਚਾਰੇ ਦੀ ਭੂਮਿਕਾ ਵਿਸ਼ੇਸ਼ ਹੈ। ਵਿਸ਼ਵ ਦੇ ਲਗਭਗ ਹਰ ਮਹਾਂਦੀਪ ਵਿੱਚ ਸਿੱਖ ਭਾਈਚਾਰੇ ਨੇ ਆਪਣੀ ਮਿਹਨਤ, ਉਦਾਰਤਾ ਅਤੇ ਸੇਵਾ ਰਾਹੀਂ ਭਾਰਤ ਦੀ ਇੱਕ ਸਕਾਰਾਤਮਿਕ ਅਤੇ ਸਨਮਾਨਯੋਗ ਪਛਾਣ ਬਣਾਈ ਹੈ। ਇਸ ਲਈ ਪ੍ਰਧਾਨ ਮੰਤਰੀ ਮੋਦੀ ਵੱਲੋਂ ਸਿੱਖ ਭਾਈਚਾਰੇ ਨੂੰ ਭਾਰਤ ਅਤੇ ਨਿਊਜ਼ੀਲੈਂਡ ਵਿਚਕਾਰ "ਸਦੀਵੀ ਪੁਲ" ਕਰਾਰ ਦੇਣਾ ਸਿਰਫ਼ ਇੱਕ ਪ੍ਰਤੀਕਾਤਮਿਕ ਟਿੱਪਣੀ ਨਹੀਂ, ਸਗੋਂ ਇੱਕ ਡੂੰਘੀ ਕੂਟਨੀਤਕ ਸਵੀਕਾਰਤਾ ਹੈ। ਪ੍ਰਧਾਨ ਮੰਤਰੀ ਨੇ ਸਿੱਖ ਜਗਤ ਨਾਲ ਜੁੜੇ ਕਈ ਮਹੱਤਵਪੂਰਨ ਕਦਮਾਂ ਦਾ ਵੀ ਜ਼ਿਕਰ ਕੀਤਾ। ਸ਼੍ਰੀ ਹਰਿਮੰਦਰ ਸਾਹਿਬ ਲਈ ਵਿਦੇਸ਼ੀ ਸੰਗਤ ਵੱਲੋਂ ਭੇਜੇ ਜਾਣ ਵਾਲੇ ਦਸਵੰਧ ਸਬੰਧੀ ਐੱਫ.ਸੀ.ਆਰ.ਏ. ਦੀਆਂ ਅੜਚਨਾਂ ਦਾ ਹੱਲ, ਤਾਲਿਬਾਨ ਦੇ ਕਬਜ਼ੇ ਦੌਰਾਨ ਅਫ਼ਗਾਨਿਸਤਾਨ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਪੂਰੇ ਸਰਕਾਰੀ ਸਨਮਾਨ ਨਾਲ ਭਾਰਤ ਲਿਆਉਣਾ, ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ "ਵੀਰ ਬਾਲ ਦਿਵਸ" ਦੀ ਸ਼ੁਰੂਆਤ, ਗੁਰੂ ਤੇਗ਼ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਅਤੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਰਾਸ਼ਟਰੀ ਸਮਾਗਮ, ਕਰਤਾਰਪੁਰ ਲਾਂਘਾ ਅਤੇ ਸ਼੍ਰੀ ਹੇਮਕੁੰਟ ਸਾਹਿਬ ਰੋਪਵੇਅ ਵਰਗੇ ਉਪਰਾਲੇ ਦਰਸਾਉਂਦੇ ਹਨ ਕਿ ਸਿੱਖ ਵਿਰਾਸਤ ਅਤੇ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਾਮਲੇ ਭਾਰਤ ਦੇ ਰਾਸ਼ਟਰੀ ਏਜੰਡੇ ਦਾ ਮਹੱਤਵਪੂਰਨ ਹਿੱਸਾ ਬਣ ਰਹੇ ਹਨ।

ਇਸ ਦੇ ਨਾਲ ਹੀ ਇਹ ਸੰਦੇਸ਼ ਉਨ੍ਹਾਂ ਤੱਤਾਂ ਲਈ ਵੀ ਜਵਾਬ ਹੈ ਜੋ ਭਾਰਤ ਸਰਕਾਰ ਅਤੇ ਸਿੱਖਾਂ ਵਿਚਕਾਰ ਦੂਰੀਆਂ ਅਤੇ ਗ਼ਲਤਫ਼ਹਿਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਿੱਖ ਗੁਰੂਆਂ ਅਤੇ ਸਿੱਖ ਵਿਰਾਸਤ ਨੂੰ ਵਿਸ਼ਵ ਮੰਚ 'ਤੇ ਸਨਮਾਨ ਦੇਣਾ ਇੱਕ ਅਜਿਹਾ ਸਕਾਰਾਤਮਿਕ ਅਤੇ ਭਰੋਸੇਮੰਦ ਪੁਲ ਹੈ, ਜੋ ਸਿੱਖ ਭਾਈਚਾਰੇ ਅਤੇ ਭਾਰਤ ਵਿਚਕਾਰ ਆਪਸੀ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ।

ਆਕਲੈਂਡ ਤੋਂ ਉੱਠੀ ਇਹ ਆਵਾਜ਼ ਕੇਵਲ ਸਿੱਖਾਂ ਦੀ ਪ੍ਰਸ਼ੰਸਾ ਨਹੀਂ ਸੀ; ਇਹ ਸਿੱਖ ਗੁਰੂਆਂ ਦੀ ਮਨੁੱਖਤਾਵਾਦੀ ਵਿਚਾਰਧਾਰਾ ਨੂੰ ਵਿਸ਼ਵ ਰਾਜਨੀਤੀ ਦੇ ਕੇਂਦਰ ਵਿੱਚ ਸਥਾਪਿਤ ਕਰਨ ਦਾ ਸੰਦੇਸ਼ ਸੀ। ਜਦੋਂ ਸੰਸਾਰ ਨਫ਼ਰਤ, ਧਾਰਮਿਕ ਅਸਹਿਣਸ਼ੀਲਤਾ ਅਤੇ ਟਕਰਾਵਾਂ ਨਾਲ ਜੂਝ ਰਿਹਾ ਹੈ, ਉਦੋਂ ਸੇਵਾ, ਸਮਾਨਤਾ ਅਤੇ ਸਰਬੱਤ ਦੇ ਭਲੇ ਦਾ ਸਿੱਖ ਸੰਦੇਸ਼ ਹੋਰ ਵੀ ਪ੍ਰਸੰਗਿਕ ਬਣ ਜਾਂਦਾ ਹੈ। ਨਿਊਜ਼ੀਲੈਂਡ ਦੀ ਧਰਤੀ ਤੋਂ ਪ੍ਰਧਾਨ ਮੰਤਰੀ ਮੋਦੀ ਵੱਲੋਂ ਇਸ ਸੰਦੇਸ਼ ਨੂੰ ਦੁਹਰਾਉਣਾ ਨਾ ਸਿਰਫ਼ ਵਿਸ਼ਵ ਸਿੱਖ ਭਾਈਚਾਰੇ ਦੇ ਸਨਮਾਨ ਦਾ ਪਲ ਸੀ, ਸਗੋਂ ਭਾਰਤ ਦੀ ਬਹੁਵਾਦੀ ਅਤੇ ਰਾਸ਼ਟਰੀ ਪਛਾਣ ਦਾ ਵੀ ਇੱਕ ਪ੍ਰਤੱਖ ਪ੍ਰਗਟਾਵਾ ਸੀ, ਜੋ ਇੱਕ ਮਹੱਤਵਪੂਰਨ ਪਲ ਬਣ ਕੇ ਇਤਿਹਾਸ ਵਿੱਚ ਦਰਜ ਹੋ ਗਿਆ ਹੈ।





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

# ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ


## ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :


Green Card Case ਨੂੰ ਜਲਦੀ ਹੱਲ ਕਰਨ ਵਿੱਚ


CDL ਅਤੇ ਕੰਮ ਨੂੰ ਬਚਾਉਣ ਲਈ Legal Guidance


Deportation ਜਾਂ Immigration Detention Cases ਵਿੱਚ Legal Advice


Appeals ਅਤੇ Immigration Process ਵਿੱਚ ਸਹਾਇਤਾ


Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ


ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GLG
GHUMAN LAW GROUP
GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਪ੍ਰਧਾਨ ਮੰਤਰੀ ਮੋਦੀ 17 ਜੁਲਾਈ ਨੂੰ ਜੀਂਦ ਤੋਂ ਪਹਿਲੀ ਹਾਈਡ੍ਰੋਜਨ-ਸੰਚਾਲਿਤ ਟ੍ਰੇਨ ਨੂੰ ਦਿਖਾਉਣਗੇ ਹਰੀ ਝੰਡੀ

ਲਾਹੌਰ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ 17 ਜੁਲਾਈ ਨੂੰ ਜੀਂਦ ਤੋਂ ਦੇਸ਼ ਦੀ ਪਹਿਲੀ ਹਾਈਡ੍ਰੋਜਨ-ਸੰਚਾਲਿਤ ਰੇਲਗੱਡੀ ਨੂੰ ਹਰੀ ਝੰਡੀ ਦਿਖਾਉਣਗੇ। ਇਸ ਤੋਂ ਪਹਿਲਾਂ ਐਤਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਜੀਂਦ ਦਾ ਦੌਰਾ ਕੀਤਾ, ਅਤੇ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪ੍ਰਬੰਧਾਂ ਸਬੰਧੀ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਜਾਰੀ ਕੀਤੇ। ਮੁੱਖ ਮੰਤਰੀ ਨੇ ਏਕਲਵਯ ਸਟੇਡੀਅਮ ਦਾ ਦੌਰਾ ਕੀਤਾ ਅਤੇ ਪ੍ਰੋਗਰਾਮ ਸਥਾਨ ਦੇ ਖਾਕੇ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਮੁੱਖ 'ਪੰਡਾਲ', ਸੈਕਟਰ-ਵਾਰ ਪ੍ਰਬੰਧ, ਪਾਰਕਿੰਗ ਸਹੂਲਤਾਂ, ਮੀਡੀਆ ਲਾਉਂਜ, ਸੁਰੱਖਿਆ ਉਪਾਵਾਂ ਅਤੇ ਹੋਰ ਲੌਜਿਸਟਿਕਲ ਤਿਆਰੀਆਂ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਇਸ ਮਹੱਤਵਪੂਰਨ ਸਮਾਗਮ ਦੇ ਪ੍ਰਬੰਧਾਂ ਵਿੱਚ ਕੋਈ ਕਮੀ ਨਾ ਰਹੇ ਅਤੇ ਸਾਰੀਆਂ ਤਿਆਰੀਆਂ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰੀਆਂ ਹੋਣ। ਮੁੱਖ ਮੰਤਰੀ ਸੈਣੀ ਨੇ ਕਿਹਾ ਕਿ 17 ਜੁਲਾਈ ਨੂੰ ਪ੍ਰਧਾਨ ਮੰਤਰੀ ਮੋਦੀ ਜੀਂਦ ਤੋਂ ਦੇਸ਼ ਦੀ ਪਹਿਲੀ ਹਾਈਡ੍ਰੋਜਨ-ਸੰਚਾਲਿਤ ਰੇਲਗੱਡੀ ਨੂੰ ਹਰੀ ਝੰਡੀ ਦਿਖਾਉਣਗੇ। ਜੀਂਦ ਅਤੇ ਸੋਨੀਪਤ ਵਿਚਕਾਰ ਚੱਲਣ ਵਾਲੀ ਹਾਈਡ੍ਰੋਜਨ ਰੇਲਗੱਡੀ ਹਰਿਆਣਾ ਅਤੇ ਦੇਸ਼ ਦੋਵਾਂ ਲਈ ਇੱਕ ਵੱਡੀ ਪ੍ਰਾਪਤੀ ਹੋਵੇਗੀ।



ਇਸ ਦੌਰੇ ਦੌਰਾਨ, ਪ੍ਰਧਾਨ ਮੰਤਰੀ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਈ ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਵੀ ਰੱਖਣਗੇ, ਜਿਸ ਨਾਲ ਲੋਕਾਂ ਨੂੰ ਸਿੱਧਾ ਲਾਭ ਹੋਵੇਗਾ। ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਦੌਰਾ ਰਾਜ ਲਈ ਮਾਣ ਵਾਲੀ ਗੱਲ ਹੈ। ਪ੍ਰੋਗਰਾਮ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ, ਪ੍ਰਸ਼ਾਸਨਿਕ ਅਧਿਕਾਰੀਆਂ, ਜਨ ਪ੍ਰਤੀਨਿਧੀਆਂ ਅਤੇ ਪਾਰਟੀ ਵਰਕਰਾਂ ਨੂੰ ਨਜ਼ਦੀਕੀ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ। ਨਿਰੀਖਣ ਤੋਂ ਬਾਅਦ, ਮੁੱਖ ਮੰਤਰੀ ਨੇ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ ਪੀਡਬਲਯੂਡੀ ਰੈਸਟ ਹਾਊਸ ਵਿਖੇ ਮੰਤਰੀਆਂ, ਜਨ ਪ੍ਰਤੀਨਿਧੀਆਂ ਅਤੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ। ਮੀਟਿੰਗ ਵਿੱਚ ਟ੍ਰੈਫਿਕ ਪ੍ਰਬੰਧਨ, ਸੀਐਨਜੀ ਬੱਸਾਂ ਅਤੇ ਇਲੈਕਟ੍ਰਿਕ ਵਾਹਨਾਂ ਦੀ ਉਪਲਬਧਤਾ, ਪਾਰਕਿੰਗ ਪ੍ਰਬੰਧਾਂ ਅਤੇ ਸੈਲਾਨੀਆਂ ਦੀ ਆਵਾਜਾਈ 'ਤੇ ਕੇਂਦ੍ਰਿਤ ਕੀਤਾ ਗਿਆ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਟ੍ਰੈਫਿਕ ਅਤੇ ਵਾਹਨ ਪ੍ਰਬੰਧਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਮੁੱਖ ਮੰਤਰੀ ਸੈਣੀ ਨੇ ਅਧਿਕਾਰੀਆਂ ਨੂੰ ਸੁਰੱਖਿਆ, ਟ੍ਰੈਫਿਕ ਅਤੇ ਪਾਰਕਿੰਗ ਪ੍ਰਬੰਧਾਂ ਦੀ ਨਿਰੰਤਰ ਪ੍ਰਸ਼ਾਸਕੀ ਨਿਗਰਾਨੀ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਾਰੇ ਵਿਭਾਗਾਂ ਨੂੰ ਪ੍ਰਧਾਨ ਮੰਤਰੀ ਦੀ ਜੀਂਦ ਫੇਰੀ ਨੂੰ ਇਤਿਹਾਸਕ ਅਤੇ ਸਫਲ ਬਣਾਉਣ ਲਈ ਨਜ਼ਦੀਕੀ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ।

# ਪੀਐਚਡੀਸੀਸੀਆਈ ਵੱਲੋਂ ਮਹਿਲਾ ਕੈਦੀਆਂ ਨੂੰ ਹੁਨਰਮੰਦ ਉਦਯੋਗਪਤੀ ਬਣਾਉਣ ਲਈ 'ਪ੍ਰੋਜੈਕਟ ਉਡਾਣ' ਦੀ ਸ਼ੁਰੂਆਤ

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

ਸਮਾਜਿਕ ਬਦਲਾਅ ਨੂੰ ਹੁਨਰ ਵਿਕਾਸ ਰਾਹੀਂ ਪ੍ਰੋਤਸਾਹਿਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਿਆਂ, ਪੀਐਚਡੀ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਪੀਐਚਡੀਸੀਸੀਆਈ) ਦੇ ਰੀਜਨਲ ਫੈਸ਼ਨ ਟੈਕਸ ਐਂਡ ਟੈਕ ਫੋਰਮ ਅਤੇ ਪੰਜਾਬ ਸਟੇਟ ਚੈਪਟਰ ਨੇ ਸਟੂਡੀਓ ਬਾਈ ਹਿਮਾਨੀ ਅਰੋੜਾ ਦੇ ਸਹਿਯੋਗ ਨਾਲ ਕ੍ਰਾਫਟ ਫਾਰਵਰਡ ਪਹਿਲ ਅਧੀਨ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਖੇ ਸਥਾਪਤ ਪੀਐਚਡੀਸੀਸੀਆਈ ਸਕਿੱਲ ਡਿਵੈਲਪਮੈਂਟ ਸੈਂਟਰ ਵਿੱਚ 'ਪ੍ਰੋਜੈਕਟ ਉਡਾਣ' ਦੀ ਸ਼ੁਰੂਆਤ ਕੀਤੀ। ਸਮਾਗਮ ਦੌਰਾਨ ਮਹਿਮਾਨਾਂ ਦਾ ਸਵਾਗਤ ਕਰਦਿਆਂ ਪੀਐਚਡੀਸੀਸੀਆਈ ਦੇ ਪੰਜਾਬ ਸਟੇਟ ਚੈਪਟਰ ਦੇ ਚੇਅਰਮੈਨ ਕਰਨ ਗਿਲਹੋਤਰਾ ਨੇ ਕਿਹਾ ਕਿ ਇਹ ਸਕਿੱਲ ਡਿਵੈਲਪਮੈਂਟ ਸੈਂਟਰ ਹੁਨਰ ਵਿਕਾਸ ਰਾਹੀਂ ਪੁਨਰਵਾਸ ਲਈ ਪੀਐਚਡੀਸੀਸੀਆਈ ਦੀ ਦ੍ਰਿੜ੍ਹ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਚੈਂਬਰ ਦਾ ਉਦੇਸ਼ ਮਹਿਲਾ ਕੈਦੀਆਂ ਨੂੰ ਰੁਜ਼ਗਾਰਯੋਗ ਹੁਨਰ ਪ੍ਰਦਾਨ ਕਰਨਾ, ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾਉਣਾ ਅਤੇ ਟਿਕਾਊ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣਾ ਹੈ, ਤਾਂ ਜੋ ਰਿਹਾਈ ਤੋਂ ਬਾਅਦ ਉਹ ਸਮਾਜ ਵਿੱਚ ਸਨਮਾਨ ਨਾਲ ਮੁੜ ਆਪਣੀ ਪਛਾਣ ਬਣਾ ਸਕਣ। ਇਸ ਮੌਕੇ ਰੀਜਨਲ ਫੈਸ਼ਨ ਟੈਕਸ ਐਂਡ ਟੈਕ ਫੋਰਮ, ਪੀਐਚਡੀਸੀਸੀਆਈ ਦੀ ਚੇਅਰਪਰਸਨ ਅਤੇ 'ਪ੍ਰੋਜੈਕਟ ਉਡਾਣ' ਦੀ ਅਗਵਾਈ ਕਰ ਰਹੀ ਸ੍ਰੀਮਤੀ ਹਿਮਾਨੀ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਇਸ ਪਹਿਲ ਦੇ ਉਦੇਸ਼ ਬਾਰੇ ਵਿਸਥਾਰ ਨਾਲ ਜਾਣਕਾਰੀ




ਦਿੱਤੀ। ਉਨ੍ਹਾਂ ਦੱਸਿਆ ਕਿ ਸਟੂਡੀਓ ਬਾਈ ਹਿਮਾਨੀ ਅਰੋੜਾ ਵੱਲੋਂ ਮਹਿਲਾ ਕੈਦੀਆਂ ਨੂੰ ਸਿਲਾਈ, ਕਢਾਈ, ਟੈਕਸਟਾਈਲ ਕਲਾ ਅਤੇ ਆਧੁਨਿਕ ਫੈਸ਼ਨ ਤਕਨੀਕਾਂ ਦੀ ਸੁਚੱਜੀ ਅਤੇ ਬਾਜ਼ਾਰ ਦੀ ਮੰਗ ਅਨੁਸਾਰ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸਲ ਸਸ਼ਕਤੀਕਰਨ ਸਿਰਫ਼ ਕੋਈ ਹੁਨਰ ਸਿਖਾਉਣ ਨਾਲ ਨਹੀਂ, ਸਗੋਂ ਮਹਿਲਾਵਾਂ ਨੂੰ ਰਚਨਾਤਮਕਤਾ ਅਤੇ ਉਦਯੋਗਪਤੀ ਬਣਨ ਦੇ ਮੌਕੇ ਰਾਹੀਂ ਸਨਮਾਨਪੂਰਵਕ ਰੋਜ਼ੀ-ਰੋਟੀ ਕਮਾਉਣ ਦੇ ਯੋਗ ਬਣਾਉਣ ਨਾਲ ਹੁੰਦਾ ਹੈ। ਉਨ੍ਹਾਂ ਕਿਹਾ ਕਿ 'ਪ੍ਰੋਜੈਕਟ ਉਡਾਣ' ਤਹਿਤ ਤਿਆਰ ਹੋਣ ਵਾਲਾ ਹਰ ਹੱਥ ਨਾਲ ਬਣਿਆ ਉਤਪਾਦ ਹੌਸਲੇ, ਉਮੀਦ ਅਤੇ ਬਦਲਾਅ ਦੀ ਕਹਾਣੀ ਬਿਆਨ ਕਰੇਗਾ। ਇਹ ਪਹਿਲ ਮਹਿਲਾ ਕੈਦੀਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਨ, ਸਵੈ-ਅਭਿਵਿਕਤੀ ਨੂੰ ਉਤਸ਼ਾਹਿਤ ਕਰਨ ਅਤੇ ਰਿਹਾਈ ਤੋਂ ਬਾਅਦ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਸਵੈ-ਨਿਰਭਰ ਬਣਾਉਣ ਲਈ ਤਿਆਰ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ 'ਪ੍ਰੋਜੈਕਟ ਉਡਾਣ' ਸਮਾਜਿਕ ਉਦਯੋਗਪਤੀ ਦਾ ਇੱਕ ਮਿਸਾਲੀ ਮਾਡਲ ਬਣੇਗਾ, ਜੋ ਉਦਯੋਗਿਕ ਸਾਂਝੇਦਾਰੀ ਰਾਹੀਂ ਹੁਨਰ, ਰਚਨਾਤਮਕਤਾ ਅਤੇ ਮੌਕਿਆਂ ਦੇ ਜ਼ਰੀਏ ਲੋਕਾਂ ਦੇ ਜੀਵਨ ਵਿੱਚ ਸਥਾਈ ਬਦਲਾਅ ਲਿਆਵੇਗਾ। ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਮਾਣਯੋਗ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਪਣੇ ਸੰਬੋਧਨ ਵਿੱਚ ਪੀਐਚਡੀਸੀਸੀਆਈ ਅਤੇ ਇਸ ਦੇ ਰੀਜਨਲ ਫੈਸ਼ਨ ਟੈਕਸ ਐਂਡ ਟੈਕ ਫੋਰਮ ਦੀ ਮਹਿਲਾ ਕੈਦੀਆਂ ਦੇ ਹੁਨਰ ਵਿਕਾਸ ਲਈ ਕੀਤੀ ਗਈ ਇਸ ਸ਼ਲਾਘਾਯੋਗ ਪਹਿਲ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਿਆ, ਕਿੱਤਾਮੁਖੀ ਸਿਖਲਾਈ ਅਤੇ ਮਿਹਨਤ ਦੀ ਇੱਜ਼ਤ ਰਾਹੀਂ ਪੁਨਰਵਾਸ ਇੱਕ ਸਮਾਵੇਸ਼ੀ ਸਮਾਜ ਦੀ ਨੀਂਹ ਹੈ। ਉਨ੍ਹਾਂ ਸਮਾਜਿਕ ਬਦਲਾਅ ਲਈ ਉਦਯੋਗ ਅਤੇ ਸਰਕਾਰ ਦਰਮਿਆਨ ਹੋਰ ਮਜ਼ਬੂਤ ਸਹਿਯੋਗ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਮੌਕੇ ਮਾਣਯੋਗ ਰਾਜਪਾਲ ਨੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਖੇ ਪੀਐਚਡੀਸੀਸੀਆਈ ਸਕਿੱਲ ਡਿਵੈਲਪਮੈਂਟ ਸੈਂਟਰ ਦਾ ਰਸਮੀ ਉਦਘਾਟਨ ਕੀਤਾ ਅਤੇ ਸੈਂਟਰ ਨੂੰ ਸਿਲਾਈ ਮਸ਼ੀਨਾਂ ਭੇਟ ਕੀਤੀਆਂ। ਉਨ੍ਹਾਂ ਮਹਿਲਾ ਕੈਦੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਸਿਖਲਾਈ ਦੇ ਮੌਕਿਆਂ ਦਾ ਪੂਰਾ ਲਾਭ ਉਠਾਉਣ ਅਤੇ ਸਵੈ-ਨਿਰਭਰ ਭਵਿੱਖ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕੀਤਾ।

# FSSAI ਨੇ ਔਨਲਾਈਨ ਡਿਲੀਵਰੀ ਕੰਪਨੀ ਨੂੰ ਨੌਂ ਨੋਟਿਸ ਕੀਤੇ ਜਾਰੀ

ਫਿਨਲੈਂਡ
ਸਾਂਝੀ ਸੋਚ ਬਿਊਰੋ

ਫੂਡ ਰੈਗੂਲੇਟਰ FSSAI ਨੇ ਫਾਸਟ-ਟ੍ਰੇਡਿੰਗ ਪਲੇਟਫਾਰਮ ਸਵਿਗੀ ਇੰਸਟਾਮਾਰਟ ਨੂੰ ਨੌਂ ਨੋਟਿਸ ਜਾਰੀ ਕੀਤੇ ਹਨ। ਇਹ ਨੋਟਿਸ ਖਾਣ-ਪੀਣ ਦੀਆਂ ਚੀਜ਼ਾਂ ਦੀ ਗੁਣਵੱਤਾ ਸੰਬੰਧੀ ਸ਼ਿਕਾਇਤਾਂ ਦੇ ਆਧਾਰ 'ਤੇ ਜਾਰੀ ਕੀਤੇ ਗਏ ਸਨ। ਦੱਸ ਦਈਏ ਕਿ ਢਸ਼ਸ਼ਅੀ ਨੂੰ ਸ਼ਿਕਾਇਤਾਂ ਮਿਲੀਆਂ ਹਨ ਕਿ ਪਲੇਟਫਾਰਮ ਨੇ ਸੜੇ ਹੋਏ ਅੰਡੇ, ਖਰਾਬ ਦੁੱਧ ਅਤੇ ਮਿਆਦ ਪੁੱਗ ਚੁੱਕੇ ਪੈਕ ਕੀਤੇ ਭੋਜਨ ਦੀ ਡਿਲੀਵਰੀ ਕੀਤੀ ਗਈ ਹੈ। ਜਿਸ ਤੋਂ ਬਾਅਦ FSSAI ਵੱਲੋਂ ਇਹ ਨੋਟਿਸ ਜਾਰੀ ਕੀਤੇ ਗਏ ਹਨ।

FSSAI ਨੇ ਸਵਿਗੀ ਇੰਸਟਾਮਾਰਟ ਤੋਂ ਇਸ ਮਾਮਲੇ ਬਾਰੇ ਸਪੱਸ਼ਟੀਕਰਨ ਅਤੇ ਪਾਲਣਾ ਰਿਪੋਰਟ ਮੰਗੀ ਹੈ। ਜੇਕਰ ਕੰਪਨੀ ਨਿਰਧਾਰਤ ਸਮੇਂ ਦੇ ਅੰਦਰ ਸਹੀ ਜਵਾਬ ਦੇਣ ਵਿੱਚ ਅਸਫਲ ਰਹਿੰਦੀ ਹੈ, ਤਾਂ ਇਸਦੇ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। FSSAI ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਪਲੇਟਫਾਰਮ, ਐਕਸ 'ਤੇ ਸਵਿਗੀ ਇੰਸਟਾਮਾਰਟ ਨੂੰ ਜਾਰੀ ਕੀਤੇ ਗਏ ਨੌਂ ਨੋਟਿਸਾਂ ਬਾਰੇ ਜਾਣਕਾਰੀ ਪੋਸਟ ਕੀਤੀ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਨੋਟਿਸ ਗਾਹਕਾਂ ਦੀਆਂ ਸ਼ਿਕਾਇਤਾਂ ਦੇ ਨਾਲ-ਨਾਲ ਇਸਦੀ ਆਪਣੀ ਪਹਿਲਕਦਮੀ ਦੇ ਆਧਾਰ 'ਤੇ ਜਾਰੀ ਕੀਤੇ ਗਏ ਹਨ।

FSSAI ਨੇ ਸਵਿਗੀ ਇੰਸਟਾਮਾਰਟ ਨੂੰ ਭੋਜਨ ਨਿਯਮਾਂ ਦੀ ਕਥਿਤ ਉਲੰਘਣਾ ਅਤੇ ਇਹਨਾਂ ਘਟਨਾਵਾਂ ਦੇ ਕਾਰਨ ਬਣੇ ਹਾਲਾਤਾਂ ਬਾਰੇ ਦਸਤਾਵੇਜ਼ੀ ਸਬੂਤਾਂ ਦੇ ਨਾਲ ਜਾਣਕਾਰੀ ਪ੍ਰਦਾਨ ਕਰਨ ਲਈ ਕਿਹਾ ਹੈ। ਇਸਨੇ ਪਲੇਟਫਾਰਮ ਨੂੰ ਗੁਣਵੱਤਾ ਭਰੋਸਾ, ਭੋਜਨ ਸੁਰੱਖਿਆ ਨਿਗਰਾਨੀ, ਵਸਤੂ ਪ੍ਰਬੰਧਨ, ਸਟਾਕ ਰੋਟੇਸ਼ਨ, ਸਫਾਈ, ਸਟੋਰੇਜ, ਹੈਂਡਲਿੰਗ ਅਭਿਆਸਾਂ ਅਤੇ ਭੋਜਨ ਸੁਰੱਖਿਆ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਅਪਣਾਏ ਗਏ ਅੰਦਰੂਨੀ ਨਿਯੰਤਰਣਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਦਾ ਵੀ ਆਦੇਸ਼ ਦਿੱਤਾ ਹੈ।

ਫੂਡ ਰੈਗੂਲੇਟਰ ਨੇ ਕਿਹਾ ਕਿ ਤੇਜ਼ ਡਿਲੀਵਰੀ ਪਲੇਟਫਾਰਮ ਤੋਂ ਪ੍ਰਾਪਤ ਕੀਤੇ ਗਏ ਨਾਇਸ ਐੱਗਜ਼ ਨੂੰ ਇੱਕ ਬ੍ਰਾਂਡ ਨਾਮ ਦੇ ਤਹਿਤ ਵੇਚਿਆ ਜਾ ਰਿਹਾ ਸੀ ਜੋ ਮੌਜੂਦਾ FSSAI ਲਾਇਸੈਂਸ ਦੀ ਪ੍ਰਵਾਨਿਤ ਉਤਪਾਦ ਸ਼੍ਰੇਣੀ ਵਿੱਚ ਸ਼ਾਮਲ ਨਹੀਂ ਸੀ। ਕੰਪਨੀ ਨੂੰ ਪਹਿਲਾਂ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ ਉਤਪਾਦ ਨੂੰ ਉਦੋਂ ਤੱਕ ਨਾ ਵੇਚੇ ਜਦੋਂ ਤੱਕ ਇਹ ਇੱਕ ਵੈਧ ਲਾਇਸੈਂਸ ਦੇ ਅਧੀਨ ਨਾ ਹੋਵੇ ਅਤੇ ਲੋੜ ਪੈਣ 'ਤੇ ਲਾਇਸੈਂਸ ਵਿੱਚ ਤਬਦੀਲੀ ਲਈ ਅਰਜ਼ੀ ਦੇਵੇ।



# WHOLE HOME SOLAR & BATTERY STARTING AT $25,000

**For a standard 5kW Solar & 14kWh Battery system**

Roof or main panel upgrades not included



- **Clear & Up-Front Pricing**
- **High-Efficiency Components**
- **Permits and Utility Approvals Included**
- **Protect Existing NEM 2.0** (Via Non-Export Configuration)

## CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)

CSLB Contractor License #1096233 • C-10 Electrical, C-39 Roofing, B-General Building

*Pricing & offer details vary by location & applicant.*




# ਗੁਰਦੁਆਰਾ ਸਾਹਿਬ ਸੈਨ ਹੋਜ਼ੇ

## ਜੁਲਾਈ 2026 ਵਿਸ਼ੇਸ਼ ਧਾਰਮਿਕ, ਵਿਦਿਅਕ ਅਤੇ ਪਰਿਵਾਰਕ ਸਮਾਗਮ

### 30 ਜੂਨ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ
ਪਾਵਨ ਪ੍ਰਕਾਸ਼ ਪੁਰਬ ਮੌਕੇ ਗੁਰਬਾਣੀ ਕੀਰਤਨ ਤੇ
ਕਥਾ ਵਿਚਾਰ ਦਾ ਵਿਸ਼ੇਸ਼ ਸਮਾਗਮ |

### 29 ਜੂਨ – 3 ਜੁਲਾਈ

**One Week Filmmaking Workshop**

ਕੀ ਤੁਹਾਡਾ ਬੱਚਾ ਵੀਡੀਓ ਬਣਾਉਣ, ਕੈਮਰਾ ਚਲਾਉਣ ਜਾਂ ਕਹਾਣੀਆਂ ਸੁਣਾਉਣ ਦਾ ਸ਼ੌਕੀਨ ਹੈ ?
ਐਮੀ ਐਵਾਰਡ ਜੇਤੂ ਫ਼ਿਲਮਮੇਕਰ ਹਰਬਲਦੀਪ ਸਿੰਘ ਵੱਲੋਂ ਬੱਚਿਆਂ ਨੂੰ ਆਧੁਨਿਕ ਮੀਡੀਆ ਰਾਹੀਂ
ਸਿੱਖ ਵਿਰਾਸਤ ਨੂੰ ਦੁਨੀਆ ਤੱਕ ਪਹੁੰਚਾਉਣ ਦੀ ਵਿਸ਼ੇਸ਼ ਟ੍ਰੇਨਿੰਗ।

### 29 ਜੂਨ – 5 ਜੁਲਾਈ

ਰੋਜ਼ਾਨਾ ਗੁਰਮਤਿ ਕਥਾ ਅਤੇ ਵਿਚਾਰ
ਗਿਆਨੀ ਕੁਲਦੀਪ ਸਿੰਘ ਜੀ ਅਭਿਆਸੀ (ਦਮਦਮੀ ਟਕਸਾਲ)
ਰੋਜ਼ਾਨਾ ਗੁਰਮਤਿ ਵਿਚਾਰ ਅਤੇ ਕਥਾ ਰਾਹੀਂ ਸੰਗਤ ਨੂੰ
ਨਿਹਾਲ ਕਰਨਗੇ।

### 3 – 5 ਜੁਲਾਈ

**ਸਵੇਰੇ 9:00 ਵਜੇ – ਸ਼ਾਮ 5:30 ਵਜੇ**

ਗੁਰਮਤਿ ਸਿਮਰਨ ਅਭਿਆਸ ਕੈਂਪ ਕਰਵਾਇਆ ਜਾ ਰਿਹਾ
ਜਿਸ ਵਿਚ ਭਾਈ ਗੁਰਦੀਪ ਸਿੰਘ ਜੀ (ਇੰਜੀਨੀਅਰ), Los Angeles
ਵਾਲੇ ਆਪਣੀ ਖਾਸ ਸ਼ਮੂਲੀਅਤ ਕਰਨਗੇ |

### 4 ਜੁਲਾਈ | ਸ਼ਾਮ 7:00 ਵਜੇ

**Ice Cream Social**

ਅਮਰੀਕਾ ਦੇ 250ਵੇਂ Independence Day ਮੌਕੇ
Ice Cream Social ਦਾ ਖਾਸ ਪ੍ਰੋਗਰਾਮ
ਕਰਵਾਇਆ ਜਾ ਰਿਹਾ |

### 10 ਜੁਲਾਈ | ਸ਼ਾਮ 7:15


Oracle Park ਵਿਖੇ
First Sikh Heritage Night ਦਾ ਆਯੋਜਨ ਕੀਤਾ ਗਿਆ |
ਜਿਥੇ ਬਾਸਕਿਟਬਾਲ ਦੇ ਮੈਚ
San Francisco Giants VS. Colorado Rockies
ਵਿਚਕਾਰ ਹੋਵੇਗਾ |

### 13 – 17 ਜੁਲਾਈ | ਸਵੇਰੇ 8:00 ਵਜੇ – ਸ਼ਾਮ 4:00 ਵਜੇ

**Annual Summer Gurmat Camp**

ਬੱਚਿਆਂ ਲਈ: ਗੁਰਬਾਣੀ, ਪੰਜਾਬੀ, ਸਿੱਖ ਇਤਿਹਾਸ, ਕੀਰਤਨ, ਸੇਵਾ, ਚੰਗੇ ਜੀਵਨ ਮੁੱਲ
ਗਰਮੀਆਂ ਦੀਆਂ ਛੁੱਟੀਆਂ ਨੂੰ ਸਿੱਖੀ, ਸੇਵਾ ਅਤੇ ਸਿੱਖਿਆ ਨਾਲ ਭਰਪੂਰ ਬਣਾਓ।

ਜੁਲਾਈ 2026 ਵਿਸ਼ੇਸ਼ ਧਾਰਮਿਕ
ਵਿਦਿਅਕ ਅਤੇ ਪਰਿਵਾਰਕ ਸਮਾਗਮ




**Address : 3636 Gurdwara Ave, San Jose, CA, 95148**
**www.sanjosegurdwara.com | (408) 274-9373**

Gillson TRUCKING INC

NOW HIRING
TRUCK DRIVERS
CLASS A CDL



- ✓Signing Bonus
- ✓Top pay
- ✓Mileage Pay
- ✓Great Benefits
- ✓Over the Road or Local Routes
- ✓Reefers and Dry Van Operations
- ✓No touch freight



SKILLS
- ✓Responsible truck driver.
- ✓Experience with electronic equipment.
- ✓Ability to travel regularly.
- ✓Adaptivity and foresight to handle unexpected situations (traffic, weather conditions and roads, etc.)

RESPONSIBILITIES
- ✓Safely operating assigned vehicles.
- ✓The Vehicles are maintained and serviced as needed.
- ✓Report any vehicle defects for repair.
- ✓Make safety a priority at all times.
- ✓Comply with standard federal laws and with company policies and procedures.

PAY
- ✓Average pay: $0.45-$0.60 cents/mile
- ✓Weekly direct deposits
- ✓Bonuses for clean inspections
- ✓High mileage bonuses

NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS Health Dental Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# ਅਰਵਿੰਦ ਰਮਨ ਨੇ ਨੈਸ਼ਨਲ ਇੰਸਟੀਚਿਊਟ ਆਫ਼ ਸਟੈਂਡਰਡਜ਼ ਐਂਡ ਟੈਕਨਾਲੋਜੀ ਦੇ 18ਵੇਂ ਡਾਇਰੈਕਟਰ ਵਜੋਂ ਸਹੁੰ ਚੁੱਕੀ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਭਾਰਤੀ ਮੂਲ ਦੇ ਇੰਜੀਨੀਅਰ ਤੇ ਵਿਦਵਾਨ ਅਰਵਿੰਦ ਰਮਨ ਨੇ ਨੈਸ਼ਨਲ ਇੰਸਟੀਚਿਊਟ ਆਫ਼ ਸਟੈਂਡਰਡਜ਼ ਐਂਡ ਟੈਕਨਾਲੋਜੀ ਦੇ 18ਵੇਂ ਡਾਇਰੈਕਟਰ ਵਜੋਂ ਸਹੁੰ ਚੁੱਕੀ ਹੈ, ਜੋ ਵਿਗਿਆਨਕ ਅਤੇ ਤਕਨੀਕੀ ਖੇਤਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚ ਖੋਜ ਨੂੰ ਅੱਗੇ ਵਧਾਉਣ ਅਤੇ ਮਿਆਰਾਂ ਨੂੰ ਵਿਕਸਤ ਕਰਨ ਲਈ ਜ਼ਿੰਮੇਵਾਰ ਸੰਘੀ ਏਜੰਸੀ ਹੈ। ਰਮਨ ਦੀ ਨਿਯੁਕਤੀ ਦੀ ਪੁਸ਼ਟੀ 18 ਮਈ ਨੂੰ ਅਮਰੀਕੀ ਸੈਨੇਟ ਦੁਆਰਾ ਕੀਤੀ ਗਈ ਸੀ। ਉਹ ਮਿਆਰਾਂ ਅਤੇ ਤਕਨਾਲੋਜੀ ਲਈ ਵਣਜ ਦੇ ਅੰਡਰ ਸੈਕਟਰੀ ਵਜੋਂ ਵੀ ਸੇਵਾ ਨਿਭਾ ਰਹੇ ਹਨ। ਕਾਲਜ ਅਤੇ ਯੂਨੀਵਰਸਿਟੀਆਂ ਬਾਰੇ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਰਮਨ ਦਾ ਵਿਭਾਗ ਵਿੱਚ ਸਵਾਗਤ ਕਰਦੇ ਹੋਏ ਕਿਹਾ ਕਿ ਨਵੀਨਤਾਕਾਰੀ ਖੋਜ ਅਤੇ ਅਗਵਾਈ ਕਰਨ ਦਾ ਉਨਾਂ ਦਾ ਤਜਰਬਾ ਅਮਰੀਕੀ ਤਕਨਾਲੋਜੀ ਅਤੇ ਨਿਰਮਾਣ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ। ਸਹੁੰ ਚੁੱਕਣ ਉਪਰੰਤ ਰਮਨ ਨੇ ਕਿਹਾ ਕਿ ਉਸ ਨੂੰ ਨਿਯੁਕਤ ਕਰਕੇ ਜੋ ਸਨਮਾਨ ਦਿੱਤਾ ਗਿਆ ਹੈ, ਉਸ ਲਈ ਉਹ ਧੰਨਵਾਦ ਕਰਦੇ ਹਨ ਅਤੇ ਉਮੀਦ ਕਰਦੇ ਹਨ ਕਿ ਉਹ ਉਦਯੋਗ, ਉਦਮੀਆਂ ਤੇ ਹੋਰ ਭਾਈਵਾਲਾਂ ਦੇ ਸਹਿਯੋਗ ਨਾਲ ਨਵੀਨਤਾ ਨੂੰ ਅਗੇ ਵਧਾਉਣ 'ਚ ਕੋਈ ਕਸਰ ਬਾਕੀ ਨਹੀਂ ਰਹਿਣ ਦੇਣਗੇ। ਨਿਸਟ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਰਮਨ ਪਰਡਿਊ ਯੂਨੀਵਰਸਿਟੀ ਵਿੱਚ ਜੌਨ ਏ. ਐਡਵਰਡਸਨ ਇੰਜੀਨੀਅਰਿੰਗ ਦੇ ਡੀਨ ਸਨ। ਉਹ 2000 ਵਿੱਚ ਇੱਕ ਸਹਾਇਕ ਪ੍ਰੋਫੈਸਰ ਵਜੋਂ ਯੂਨੀਵਰਸਿਟੀ ਵਿੱਚ ਨਿਯੁਕਤ ਹੋਏ ਸਨ ਤੇ ਬਾਅਦ ਵਿੱਚ ਰੌਬਰਟ ਵੀ. ਐਡਮਜ਼ ਇੰਜੀਨੀਅਰਿੰਗ ਦੇ ਪ੍ਰੋਫੈਸਰ ਬਣੇ।ਉਨਾਂ ਆਪਣੇ ਅਕਾਦਮਿਕ ਕਰੀਅਰ 'ਚ ਕਈ ਪੁਰਸਕਾਰ ਪ੍ਰਾਪਤ ਕੀਤੇ।

# ਸਪੇਨ ਦੇ ਜੰਗਲਾਂ ਵਿੱਚ ਲੱਗੀ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ ਹੋਈ 13

ਅਲਮੇਰੀਆ
ਸਾਂਝੀ ਸੋਚ ਬਿਊਰੋ



ਸਪੇਨ ਦੇ ਦੱਖਣ-ਪੂਰਬੀ ਸੂਬੇ ਅਲਮੇਰੀਆ ਵਿੱਚ ਲੱਗੀ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ 13 ਹੋ ਗਈ ਹੈ ਜਦੋਂ ਕਿ ਖੇਤਰੀ ਅਧਿਕਾਰੀਆਂ ਨੇ ਐਲਾਨ ਕੀਤਾ ਹੈ ਕਿ ਅੱਗ ਸਥਿਰ ਹੋ ਗਈ ਹੈ। ਤਾਜ਼ਾ ਅਧਿਕਾਰਤ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਸੱਤ ਜ਼ਖਮੀ ਲੋਕ ਹਸਪਤਾਲ ਵਿੱਚ ਭਰਤੀ ਹਨ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ।

ਸਪੇਨ ਦੇ ਜਨਤਕ ਪ੍ਰਸਾਰਕ ਆਰਟੀਵੀਈ ਦੇ ਅਨੁਸਾਰ, ਅੱਗ ਤੋਂ ਪ੍ਰਭਾਵਿਤ ਬਹੁਤ ਸਾਰੇ ਵਿਦੇਸ਼ੀ ਨਾਗਰਿਕ ਹਨ।

ਦੱਖਣੀ ਸਪੇਨ ਦੇ ਅੰਡੇਲੂਸੀਆ ਦੇ ਖੁਦਮੁਖਤਿਆਰ ਭਾਈਚਾਰੇ ਦਾ ਹਿੱਸਾ, ਅਲਮੇਰੀਆ ਵਿੱਚ ਲਾਸ ਗੈਲਾਰਡੋਸ ਨਗਰਪਾਲਿਕਾ ਦੇ ਨੇੜੇ ਵੀਰਵਾਰ ਨੂੰ ਜੰਗਲ ਦੀ ਅੱਗ ਭੜਕ ਗਈ ਸੀ, ਅਤੇ ਲਗਭਗ 7,000 ਹੈਕਟੇਅਰ ਜ਼ਮੀਨ ਨੂੰ ਸੜ ਗਈ ਸੀ, ਨਿਊਜ਼ ਏਜੰਸੀ ਨੇ ਰਿਪੋਰਟ ਦਿੱਤੀ।

ਲਾਪਤਾ ਵਜੋਂ ਅਧਿਕਾਰਤ ਤੌਰ 'ਤੇ ਦਰਜ ਕੀਤੇ ਗਏ ਦਸ ਲੋਕ ਅਜੇ ਵੀ ਲਾਪਤਾ ਹਨ। ਖੇਤਰੀ ਅਧਿਕਾਰੀਆਂ ਨੇ ਕਿਹਾ ਕਿ ਅੱਗ ਦੇ ਸਥਿਰ ਹੋਣ ਨਾਲ ਉਨ੍ਹਾਂ ਨੂੰ ਐਮਰਜੈਂਸੀ ਪ੍ਰਤੀਕਿਰਿਆ ਦੇ ਪੱਧਰ ਨੂੰ ਘਟਾਉਣ ਅਤੇ ਬਾਕੀ ਲੋਕਾਂ ਨੂੰ ਆਪਣੇ ਖਾਲੀ ਕੀਤੇ ਘਰਾਂ ਨੂੰ ਵਾਪਸ ਜਾਣ ਦਾ ਅਧਿਕਾਰ ਦੇਣ ਦੀ ਆਗਿਆ ਮਿਲੀ ਹੈ, ਜਦੋਂ ਕਿ ਸ਼ਨੀਵਾਰ ਨੂੰ ਲਗਭਗ 600 ਨਿਵਾਸੀਆਂ ਨੂੰ ਵਾਪਸ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ।ਜੰਗਲ ਦੀ ਅੱਗ ਦੇ ਕਾਰਨ ਦੀ ਜਾਂਚ ਜਾਰੀ ਹੈ। ਮੁੱਖ ਧਾਰਨਾ ਇਹ ਹੈ ਕਿ ਇਹ ਬਿਜਲੀ ਦੇ ਖੰਭੇ ਜਾਂ ਕੇਬਲ ਦੇ ਡਿੱਗਣ ਕਾਰਨ ਹੋਈ ਹੋ ਸਕਦੀ ਹੈ।

ਅੰਡੇਲੂਸੀਆ ਦੀ ਖੇਤਰੀ ਸਰਕਾਰ ਦੀ ਮੁਖੀ ਜੁਆਨਮਾ ਮੋਰੇਨੋ ਨੇ ਐਤਵਾਰ ਨੂੰ ਕਿਹਾ ਕਿ ਜੰਗਲ ਦੀ ਅੱਗ ਹੁਣ ਅੱਗੇ ਨਹੀਂ ਵਧ ਰਹੀ ਹੈ ਅਤੇ ਇਸਨੂੰ ਇਸਦੇ ਘੇਰੇ ਵਿੱਚ ਕਾਬੂ ਕਰ ਲਿਆ ਗਿਆ ਹੈ, ਜਦੋਂ ਕਿ ਚੇਤਾਵਨੀ ਦਿੰਦੇ ਹੋਏ ਕਿ ਅੱਗ ਨੂੰ ਪੂਰੀ ਤਰ੍ਹਾਂ ਕਾਬੂ ਕਰਨ ਅਤੇ ਬੁਝਾਉਣ ਦਾ ਐਲਾਨ ਕਰਨ ਤੋਂ ਪਹਿਲਾਂ ਹੋਰ ਕੰਮ ਦੀ ਲੋੜ ਹੈ।

ਮੋਰੇਨੋ ਨੇ ਕਿਹਾ ਕਿ ਅੱਗ ਅੰਡੇਲੂਸੀਆ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਗੰਭੀਰ ਸੀ ਅਤੇ ਜਨਤਾ ਅਤੇ ਅਧਿਕਾਰੀਆਂ ਦੋਵਾਂ ਨੂੰ ਜਲਵਾਯੂ ਪਰਿਵਰਤਨ ਨੂੰ "ਬਹੁਤ ਗੰਭੀਰਤਾ ਨਾਲ" ਲੈਣ ਦੀ ਅਪੀਲ ਕੀਤੀ।

ਉਸਨੇ ਨੋਟ ਕੀਤਾ ਕਿ ਜਲਵਾਯੂ ਪਰਿਵਰਤਨ ਵਧਦੀ ਗੁੰਝਲਦਾਰ ਸਥਿਤੀਆਂ ਅਤੇ ਬੇਮਿਸਾਲ ਆਕਾਰ ਦੀਆਂ ਜੰਗਲੀ ਅੱਗਾਂ ਪੈਦਾ ਕਰ ਰਿਹਾ ਸੀ ਜਿਨ੍ਹਾਂ ਨਾਲ ਨਜਿੱਠਣਾ ਹੋਰ ਵੀ ਮੁਸ਼ਕਲ ਹੁੰਦਾ ਜਾ ਰਿਹਾ ਸੀ।

# ਸੁਖਨਾ ਲੇਕ 'ਚ ਵਧਿਆ ਪਾਣੀ ਦਾ ਪੱਧਰ ਪ੍ਰਸ਼ਾਸਨ ਨੇ ਜਾਰੀ ਕੀਤਾ ਅਲਰਟ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਚੰਡੀਗੜ੍ਹ ਵਿੱਚ ਪਿਛਲੇ 24 ਘੰਟਿਆਂ ਦੌਰਾਨ ਤੇਜ਼ ਬਾਰਿਸ਼ ਹੋਈ। ਭਾਰੀ ਮੀਂਹ ਕਾਰਨ ਸੁਖਨਾ ਲੇਕ ਦਾ ਪਾਣੀ ਦਾ ਪੱਧਰ ਤੇਜ਼ੀ ਨਾਲ ਵਧਣ ਲੱਗਿਆ ਹੈ। ਇਸ ਨੂੰ ਦੇਖਦੇ ਹੋਏ ਚੰਡੀਗੜ੍ਹ ਪ੍ਰਸ਼ਾਸਨ ਨੇ ਅਲਰਟ ਜਾਰੀ ਕੀਤਾ ਹੈ।ਪ੍ਰਸ਼ਾਸਨ ਨੇ ਕਿਹਾ ਹੈ ਕਿ ਜੇਕਰ ਇੱਕ ਹੋਰ ਦਿਨ ਭਾਰੀ ਬਾਰਿਸ਼ ਹੁੰਦੀ ਹੈ, ਤਾਂ ਵਾਧੂ ਪਾਣੀ ਦੀ ਨਿਕਾਸੀ ਲਈ ਸੁਖਨਾ ਲੇਕ ਦੇ ਫਲੱਡ ਗੇਟ ਖੋਲ੍ਹਣੇ ਪੈ ਸਕਦੇ ਹਨ।

ਪ੍ਰਸ਼ਾਸਨ ਨੇ ਝੀਲ ਦੇ ਆਸ-ਪਾਸ ਅਤੇ ਹੇਠਲੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਐਡਵਾਈਜ਼ਰੀ ਵੀ ਜਾਰੀ ਕੀਤੀ ਹੈ।

ਪ੍ਰਸ਼ਾਸਨ ਅਨੁਸਾਰ ਸੁਖਨਾ ਲੇਕ ਦਾ ਜਲ ਪੱਧਰ ਵਧ ਕੇ 1157 ਫੁੱਟ ਤੱਕ ਪਹੁੰਚ ਗਿਆ ਹੈ।ਸਿੰਚਾਈ ਅਤੇ ਹੜ੍ਹ ਕੰਟਰੋਲ ਵਿਭਾਗ ਦੀਆਂ ਟੀਮਾਂ 24 ਘੰਟੇ ਸਥਿਤੀ 'ਤੇ ਨਜ਼ਰ ਬਣਾਈਆਂ ਹੋਈਆਂ ਹਨ ਅਤੇ ਪਾਣੀ ਦੇ ਪੱਧਰ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ।ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੀਲ ਦੇ ਕਿਨਾਰੇ ਅਤੇ ਪਾਣੀ ਨਾਲ ਭਰੇ ਹੇਠਲੇ ਇਲਾਕਿਆਂ ਵਿੱਚ ਬਿਨਾਂ ਵਜ੍ਹਾ ਨਾ ਜਾਣ। ਭਾਰੀ ਬਾਰਿਸ਼ ਦੌਰਾਨ ਨਾਲਿਆਂ ਅਤੇ ਜਲ-ਥਲ ਵਾਲੇ ਖੇਤਰਾਂ ਤੋਂ ਦੂਰ ਰਹਿਣ ਅਤੇ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ।

# ਸਿੱਖ ਜਥੇਬੰਦੀਆਂ ਨੇ ਪੰਜਾਬ ਦਾ ਸਭ ਤੋਂ ਮਹਿੰਗਾ ਲਾਡੋਵਾਲ ਟੋਲ ਪਲਾਜ਼ਾ ਕਰਵਾਇਆ ਮੁਫ਼ਤ

ਲੁਧਿਆਣਾ
ਸਾਂਝੀ ਸੋਚ ਬਿਊਰੋ

ਸਿੱਖ ਜਥੇਬੰਦੀਆਂ ਨੇ ਪੰਜਾਬ ਦਾ ਸਭ ਤੋਂ ਮਹਿੰਗਾ ਲਾਡੋਵਾਲ ਟੋਲ ਪਲਾਜ਼ਾ ਫ੍ਰੀ ਕਰਵਾ ਦਿੱਤਾ ਹੈ। ਦੱਸ ਦਈਏ ਕਿ ਸਿੱਖ ਜਥੇਬੰਦੀਆਂ ਦਾ ਦੋਸ਼ ਹੈ ਕਿ ਸਿੱਖ ਧਰਮ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ਵਾਲੇ ਖਿਲਾਫ ਪੁਲਿਸ ਕੋਈ ਕਾਰਵਾਈ ਨਹੀਂ ਕਰ ਰਹੀ ਹੈ।

ਸਿੱਖ ਜਥੇਬੰਦੀਆਂ ਦੋਸ਼ ਲਾ ਰਹੀਆਂ ਹਨ ਕਿ ਚੇਤਨ ਸ਼ਰਮਾ ਵੱਲੋਂ ਸਿੱਖ ਧਰਮ ਬਾਰੇ ਅਪਮਾਨਜਨਕ ਟਿੱਪਣੀਆਂ ਕੀਤੀਆਂ ਗਈਆਂ ਹਨ।ਸਿੱਖ ਜਥੇਬੰਦੀਆਂ ਦਾ ਦੋਸ਼ ਹੈ ਕਿ ਅਜੇ ਤੱਕ ਵੀ ਪੁਲਿਸ ਨੇ ਉਸਦੀ ਗ੍ਰਿਫਤਾਰੀ ਨਹੀਂ ਕੀਤੀ ਹੈ, ਜਿਸ ਤੋਂ ਨਾਰਾਜ਼ ਸਿੱਖ ਜਥੇਬੰਦੀਆਂ ਅਤੇ ਨਿਹੰਗ ਸਮੂਹਾਂ ਨੇ ਪੰਜਾਬ ਦੇ ਸਭ ਤੋਂ ਮਹਿੰਗੇ ਲਾਡੋਵਾਲ ਟੋਲ ਪਲਾਜ਼ਾ 'ਤੇ ਧਰਨਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ ਅਤੇ ਲਾਡੋਵਾਲ ਟੋਲ ਪਲਾਜ਼ਾ ਨੂੰ ਟੋਲ ਮੁਕਤ ਕਰ ਦਿੱਤਾ ਗਿਆ ਹੈ। ਸਮੂਹਾਂ ਨੇ ਸਪੱਸ਼ਟ ਕੀਤਾ ਕਿ ਵਿਰੋਧ ਜਾਰੀ ਰਹੇਗਾ ਜਦ ਤੱਕ ਪੁਲਿਸ ਵੱਲੋਂ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ। ਦੱਸ ਦਈਏ ਕਿ ਜਥੇਬੰਦੀਆਂ ਵੱਲੋਂ ਲਾਡੋਵਾਲ ਟੋਲ ਪਲਾਜਾ ਸਵੇਰੇ 11 ਵਜੇ ਤੋਂ ਸ਼ਾਮ ਤੱਕ ਅਣਮਿਥੇ ਸਮੇਂ ਲਈ ਟੋਲ ਫਰੀ ਕੀਤਾ ਗਿਆ ਹੈ।ਸਿੱਖ ਸੰਗਠਨਾਂ ਦਾ ਕਹਿਣਾ ਹੈ ਕਿ 25 ਦਿਨ ਬੀਤ ਜਾਣ 'ਤੇ ਵੀ ਪੁਲਿਸ ਚੇਤਨ ਸ਼ਰਮਾ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ। ਸਿੱਖ ਜਥੇਬੰਦੀਆਂ ਨੇ ਕਿਹਾ ਕਿ ਚੇਤਨ ਸ਼ਰਮਾ ਨੇ ਸਿੱਖ ਧਰਮ ਵਿਰੁੱਧ ਬਹੁਤ ਹੀ ਅਪਮਾਨਜਨਕ ਟਿੱਪਣੀਆਂ ਕੀਤੀਆਂ ਹਨ, ਜੋ ਕਿ ਅਸਹਿਣਯੋਗ ਹਨ।

ਰੱਬਾ ਇੰਨੇ ਜੋਗਾ ਕਰਦੇ ਕਿ ਲੋਕ ਕਹਿਣ ਇੰਨੇ ਜੋਗਾ ਕਿੱਥੇ ਸੀ...




Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# TAKE CONTROL OF YOUR HEALTH!

**PRIVATE, AFFORDABLE, & CONVENIENT**

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

**WALK-INS WELCOME**

ANY LAB TEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


# ATWAL IMMIGRATION SERVICES

ATWAL TAX & IMMIGRATION SERVICES



- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ IMMIGRATION SERVICES ਲਈ



TONY ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com

ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682

# 1,279 ਨਵੀਆਂ ਸਰਕਾਰੀ ਬੱਸਾਂ ਦੇ ਸ਼ਾਮਲ ਹੋਣ ਨਾਲ ਪੰਜਾਬ ਜਨਤਕ ਟਰਾਂਸਪੋਰਟ ਬੁਨਿਆਦੀ ਢਾਂਚੇ ਵਿੱਚ ਬਣੇਗਾ ਭਾਰਤ ਦਾ ਨੰਬਰ 1 ਸੂਬਾ: ਹਰਪਾਲ ਸਿੰਘ ਚੀਮਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਵਿੱਤ ਅਤੇ ਟਰਾਂਸਪੋਰਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਐਲਾਨ ਕੀਤਾ ਕਿ ਪੰਜਾਬ 1,279 ਨਵੀਆਂ ਸਰਕਾਰੀ ਬੱਸਾਂ ਸ਼ਾਮਲ ਕਰਕੇ ਇੱਕ ਵੱਡੇ ਫਲੀਟ ਵਿਸਥਾਰ ਰਾਹੀਂ ਜਨਤਕ ਟਰਾਂਸਪੋਰਟ ਬੁਨਿਆਦੀ ਢਾਂਚੇ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣਨ ਲਈ ਤਿਆਰ ਹੈ। ਇਸ ਵਿਸਥਾਰ ਨਾਲ ਸੂਬੇ ਦੀ ਬੱਸਾਂ ਦੀ ਗਿਣਤੀ 2,267 ਤੋਂ ਵੱਧ ਕੇ 3,546 ਹੋ ਜਾਵੇਗੀ, ਜੋ ਕਿ 56% ਦਾ ਇਤਿਹਾਸਕ ਵਾਧਾ ਹੈ ਅਤੇ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਸਭ ਤੋਂ ਵੱਡਾ ਵਾਧਾ ਹੈ। ਫਲੀਟ ਦਾ ਵਿਸਥਾਰ ਕਰਨ ਦੇ ਨਾਲ-ਨਾਲ, ਭਗਵੰਤ ਮਾਨ ਸਰਕਾਰ ਯਾਤਰੀਆਂ ਦੀ ਸੁਰੱਖਿਆ, ਸਹੂਲਤ ਅਤੇ ਆਖਰੀ ਮੀਲ ਤੱਕ ਕਨੈਕਟੀਵਿਟੀ ਨੂੰ ਬਿਹਤਰ ਬਣਾਉਣ ਲਈ ਡੈਸ਼ਕੈਮ, ਅੰਦਰੂਨੀ ਸੀ.ਸੀ.ਟੀ.ਵੀ. ਕੈਮਰੇ, ਜੀ.ਪੀ.ਐਸ. ਟਰੈਕਿੰਗ ਸਿਸਟਮ ਅਤੇ ਯੂ.ਪੀ.ਆਈ. ਕਿਊ.ਆਰ. ਕੋਡ ਆਧਾਰਿਤ ਇਲੈਕਟ੍ਰਾਨਿਕ ਟਿਕਟਿੰਗ ਸਮੇਤ ਆਧੁਨਿਕ ਤਕਨੀਕਾਂ ਵੀ ਪੇਸ਼ ਕਰੇਗੀ। ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਪੰਜਾਬ ਹੁਣ ਤਕ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਦੇ ਮੁਕਾਬਲੇ ਆਪਣੇ ਸਰਕਾਰੀ ਬੱਸ ਕਾਫਲੇ ਦਾ ਸਭ ਤੋਂ ਵੱਡਾ ਵਿਸਥਾਰ ਕਰ ਰਿਹਾ ਹੈ। 1,279 ਬੱਸਾਂ ਦੇ ਸ਼ਾਮਲ ਹੋਣ ਨਾਲ, ਸਾਡੀ ਬੱਸਾਂ ਦੀ ਕੁੱਲ ਗਿਣਤੀ 2,267 ਤੋਂ ਵੱਧ ਕੇ 3,546 ਹੋ ਜਾਵੇਗੀ, ਜਿਸ ਨਾਲ ਪੰਜਾਬ ਜਨਤਕ ਟਰਾਂਸਪੋਰਟ ਬੁਨਿਆਦੀ ਢਾਂਚੇ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣ ਜਾਵੇਗਾ।"ਬੱਸਾਂ ਦੀ ਸਿੱਧੀ ਖਰੀਦ ਬਾਰੇ ਜਾਣਕਾਰੀ ਦਿੰਦਿਆਂ, ਟਰਾਂਸਪੋਰਟ ਮੰਤਰੀ ਨੇ ਕਿਹਾ, "ਪੰਜਾਬ ਸਰਕਾਰ ਪਹਿਲਾਂ ਹੀ 696 ਸਾਧਾਰਨ ਬੱਸਾਂ ਦੀ ਖਰੀਦ ਲਈ ਆਰਡਰ ਦੇ ਚੁੱਕੀ ਹੈ, ਜਿਨ੍ਹਾਂ ਵਿੱਚੋਂ 387 ਪਨਬੱਸ ਅਤੇ 309 ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ। ਇਨ੍ਹਾਂ ਵਿੱਚੋਂ ਲਗਭਗ 300 ਬੱਸਾਂ ਦੇ ਨਵੰਬਰ 2026 ਤੱਕ ਚਾਲੂ ਹੋਣ ਦੀ ਉਮੀਦ ਹੈ, ਜਦੋਂ ਕਿ ਬਾਕੀ ਬੱਸਾਂ ਦਸੰਬਰ 2026 ਦੇ ਅੰਤ ਤੱਕ ਪੜਾਅਵਾਰ ਢੰਗ ਨਾਲ ਸ਼ਾਮਲ ਕੀਤੀਆਂ ਜਾਣਗੀਆਂ।"

ਉਨ੍ਹਾਂ ਅੱਗੇ ਦੱਸਿਆ ਕਿ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕਨੈਕਟੀਵਿਟੀ ਨੂੰ ਮਜ਼ਬੂਤ ਕਰਨ ਲਈ ਪੀ.ਆਰ.ਟੀ.ਸੀ. ਲਈ ਪਹਿਲਾਂ ਹੀ 100 ਮਿਡੀ ਬੱਸਾਂ ਖਰੀਦੀਆਂ ਜਾ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ, "ਇਹ ਬੱਸਾਂ ਸਤੰਬਰ ਤੱਕ ਸੇਵਾ ਵਿੱਚ ਆ ਜਾਣਗੀਆਂ, ਜਿਸ ਨਾਲ ਸਿੱਧੇ ਤੌਰ 'ਤੇ ਖਰੀਦੀਆਂ ਗਈਆਂ ਬੱਸਾਂ ਦੀ ਕੁੱਲ ਗਿਣਤੀ 796 ਹੋ ਜਾਵੇਗੀ।"ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਸਤ੍ਰਿਤ ਬੱਸਾਂ ਦੀ ਤਾਇਨਾਤੀ ਵਿਗਿਆਨਕ ਯੋਜਨਾਬੰਦੀ ਦੁਆਰਾ ਸੇਧਿਤ ਹੋਵੇਗੀ। ਉਨ੍ਹਾਂ ਕਿਹਾ, "ਸੂਬੇ ਭਰ ਵਿੱਚ ਘੱਟ ਬੱਸਾਂ ਵਾਲੇ ਰੂਟਾਂ ਦੀ ਪਛਾਣ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਸੈਟੇਲਾਈਟ-ਆਧਾਰਿਤ ਯਾਤਰਾ ਪੈਟਰਨ ਸਰਵੇਖਣ ਸ਼ੁਰੂ ਕੀਤੇ ਜਾ ਰਹੇ ਹਨ ਕਿ ਬੱਸਾਂ ਉੱਥੇ ਤਾਇਨਾਤ ਕੀਤੀਆਂ ਜਾਣ ਜਿੱਥੇ ਲੋਕਾਂ ਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ। ਇਹ ਸਬੂਤ-ਆਧਾਰਿਤ ਪਹੁੰਚ ਮੌਜੂਦਾ ਕਨੈਕਟੀਵਿਟੀ ਪਾੜੇ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ।"



ਇੱਕ ਵੱਡੇ ਤਕਨੀਕੀ ਅਪਗ੍ਰੇਡ ਦਾ ਐਲਾਨ ਕਰਦਿਆਂ ਟਰਾਂਸਪੋਰਟ ਮੰਤਰੀ ਨੇ ਕਿਹਾ, "ਨਵੀਆਂ ਬੱਸਾਂ ਪੂਰਨ ਨਿਗਰਾਨੀ ਨੂੰ ਯਕੀਨੀ ਬਣਾਉਣ ਅਤੇ ਯਾਤਰੀਆਂ ਦੀ ਸੁਰੱਖਿਆ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ ਲਈ ਡੈਸ਼ਕੈਮ, ਅੰਦਰੂਨੀ ਸੀ.ਸੀ.ਟੀ.ਵੀ. ਕੈਮਰੇ ਅਤੇ ਉੱਨਤ ਜੀ.ਪੀ.ਐਸ. ਟਰੈਕਿੰਗ ਸਿਸਟਮਾਂ ਨਾਲ ਲੈਸ ਹੋਣਗੀਆਂ।"ਔਰਤਾਂ ਦੀ ਸੁਰੱਖਿਆ ਅਤੇ ਸਸ਼ਕਤੀਕਰਨ ਲਈ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਮੌਜੂਦਾ ਸਮੇਂ, ਸਰਕਾਰੀ ਬੱਸਾਂ ਵਿੱਚ ਸਫ਼ਰ ਕਰਨ ਵਾਲੇ ਯਾਤਰੀਆਂ ਵਿੱਚੋਂ ਲਗਭਗ 54 ਫੀਸਦ ਔਰਤਾਂ ਹਨ। ਸਾਰੀਆਂ ਨਵੀਆਂ ਬੱਸਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਨਾਲ ਉਨ੍ਹਾਂ ਦੀ ਸੁਰੱਖਿਆ ਹੋਰ ਮਜ਼ਬੂਤ ਹੋਵੇਗੀ ਅਤੇ ਇੱਕ ਸੁਰੱਖਿਅਤ ਅਤੇ ਭਰੋਸੇਮੰਦ ਯਾਤਰਾ ਮਾਹੌਲ ਮਿਲੇਗਾ।"ਟਰਾਂਸਪੋਰਟ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਟਰਾਂਸਪੋਰਟ ਵਿਭਾਗ ਕੰਡਕਟਰਾਂ ਨੂੰ ਕਿਊ.ਆਰ. ਕੋਡ ਸਕੈਨਿੰਗ ਰਾਹੀਂ ਯੂ.ਪੀ.ਆਈ. ਭੁਗਤਾਨ ਕਰਨ ਵਾਲੀਆਂ ਉੱਨਤ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨਾਂ ਨਾਲ ਲੈਸ ਕਰ ਰਿਹਾ ਹੈ। ਉਨ੍ਹਾਂ ਕਿਹਾ, "ਇਸ ਆਧੁਨਿਕ ਪ੍ਰਣਾਲੀ ਨੂੰ ਡਿਜੀਟਲ ਭੁਗਤਾਨ ਵਿਧੀਆਂ ਪ੍ਰਤੀ ਨੌਜਵਾਨ ਯਾਤਰੀਆਂ ਦੀ ਵੱਧ ਰਹੀ ਤਰਜੀਹ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜ਼ਾਈਨ ਕੀਤਾ ਗਿਆ ਹੈ, ਜਿਸ ਨਾਲ ਟਿਕਟਿੰਗ ਵਧੇਰੇ ਸੁਵਿਧਾਜਨਕ ਅਤੇ ਕੁਸ਼ਲ ਬਣੇਗੀ।"

ਵਿਸਥਾਰ ਦੇ ਢਾਂਚਾਗਤ ਪ੍ਰਭਾਵ ਦੀ ਵਿਆਖਿਆ ਕਰਦੇ ਹੋਏ, ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਪੰਜਾਬ ਵਿੱਚ ਵਰਤਮਾਨ ਵਿੱਚ ਪ੍ਰਤੀ ਲੱਖ ਆਬਾਦੀ ਪਿੱਛੇ ਲਗਭਗ ਸੱਤ ਸਰਕਾਰੀ ਬੱਸਾਂ ਹਨ। ਇਸ ਵਿਸਥਾਰ ਦੇ ਨਾਲ, ਇਹ ਅਨੁਪਾਤ ਵੱਧ ਕੇ ਪ੍ਰਤੀ ਲੱਖ ਆਬਾਦੀ ਲਗਭਗ 12 ਬੱਸਾਂ ਹੋ ਜਾਵੇਗਾ, ਜੋ ਪੰਜਾਬ ਨੂੰ ਰਾਜ ਟਰਾਂਸਪੋਰਟ ਅਦਾਰਿਆਂ ਦੀ ਕੌਮੀ ਔਸਤ ਤੋਂ ਕਿਤੇ ਉੱਪਰ ਲੈ ਜਾਵੇਗਾ।"

ਉਨ੍ਹਾਂ ਅੱਗੇ ਕਿਹਾ, "ਵਧੀ ਹੋਈ ਬੱਸਾਂ ਦੀ ਗਿਣਤੀ ਪਨਬੱਸ ਅਤੇ ਪੀ.ਆਰ.ਟੀ.ਸੀ. ਨੂੰ ਵੱਧ ਮੰਗ ਵਾਲੇ ਰੂਟਾਂ 'ਤੇ ਬੱਸਾਂ ਦੇ ਫੇਰੇ ਵਧਾਉਣ ਦੇ ਯੋਗ ਬਣਾਵੇਗੀ ਅਤੇ ਨਾਲ ਹੀ ਉਨ੍ਹਾਂ ਪਿੰਡਾਂ ਅਤੇ ਕਸਬਿਆਂ ਤੱਕ ਸੇਵਾਵਾਂ ਦਾ ਵਿਸਥਾਰ ਕਰੇਗੀ ਜਿੱਥੇ ਇਸ ਵੇਲੇ ਨਿਰਧਾਰਤ ਸਰਕਾਰੀ ਬੱਸ ਕਨੈਕਟੀਵਿਟੀ ਨਹੀਂ ਹੈ।"

ਪ੍ਰੈਸ ਕਾਨਫਰੰਸ ਦੀ ਸਮਾਪਤੀ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਇਹ ਮਜ਼ਬੂਤ ਅਤੇ ਆਧੁਨਿਕ ਜਨਤਕ ਟਰਾਂਸਪੋਰਟ ਨੈਟਵਰਕ ਸੂਬੇ ਦੇ ਹਰੇਕ ਨਾਗਰਿਕ ਨੂੰ ਸਸਤੀਆਂ, ਭਰੋਸੇਮੰਦ, ਸੁਰੱਖਿਅਤ ਅਤੇ ਪਹੁੰਚਯੋਗ ਆਵਾਜਾਈ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ।"

ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਜਨਤਕ ਟਰਾਂਸਪੋਰਟ ਦਾ ਵੱਡਾ ਵਿਸਥਾਰ

ਮੌਜੂਦਾ ਸਰਕਾਰੀ ਬੱਸਾਂ ਦੀ ਗਿਣਤੀ: 2,267 ਬੱਸਾਂ

ਕੁੱਲ ਨਵੀਆਂ ਬੱਸਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ: 1,279

*ਵਿਸਥਾਰ ਤੋਂ ਬਾਅਦ ਸਰਕਾਰੀ ਬੱਸਾਂ ਦੀ ਗਿਣਤੀ: 3,546

ਫਲੀਟ ਵਿੱਚ ਕੁੱਲ ਵਾਧਾ: 56%, ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਸਭ ਤੋਂ ਵੱਡਾ ਵਿਸਥਾਰ

ਬੱਸਾਂ ਦੀ ਸਿੱਧੀ ਖਰੀਦ (796)

696 ਸਾਧਾਰਨ ਬੱਸਾਂ ਦਾ ਆਰਡਰ ਦਿੱਤਾ ਗਿਆ:

ਪਨਬੱਸ ਲਈ 387 ਬੱਸਾਂ

ਪੀ.ਆਰ.ਟੀ.ਸੀ. ਲਈ 309 ਬੱਸਾਂ

ਪੇਂਡੂ ਅਤੇ ਸ਼ਹਿਰੀ ਕਨੈਕਟੀਵਿਟੀ ਨੂੰ ਬਿਹਤਰ ਬਣਾਉਣ ਲਈ ਪੀ.ਆਰ.ਟੀ.ਸੀ. ਲਈ 00 ਮਿਡੀ ਬੱਸਾਂ ਪਹਿਲਾਂ ਹੀ ਖਰੀਦੀਆਂ ਜਾ ਚੁੱਕੀਆਂ ਹਨ।

ਸਿੱਧੇ ਤੌਰ 'ਤੇ ਖਰੀਦੀਆਂ ਗਈਆਂ ਕੁੱਲ ਬੱਸਾਂ: 796

ਸ਼ੁਰੂਆਤੀ ਸਮਾਂ-ਸੀਮਾ:

ਲਗਭਗ 300 ਸਾਧਾਰਨ ਬੱਸਾਂ ਨਵੰਬਰ 2026 ਤੱਕ ਸੜਕਾਂ 'ਤੇ ਉਤਰਨਗੀਆਂ।

ਬਾਕੀ ਰਹਿੰਦੀਆਂ ਸਾਧਾਰਨ ਬੱਸਾਂ ਨੂੰ ਦਸੰਬਰ 2026 ਤੱਕ ਸ਼ਾਮਲ ਕੀਤਾ ਜਾਵੇਗਾ।

100 ਮਿਡੀ ਬੱਸਾਂ ਸਤੰਬਰ 2026 ਤੱਕ ਸੇਵਾ ਵਿੱਚ ਆ ਜਾਣਗੀਆਂ।

ਬੱਸਾਂ ਦੀ ਬਿਹਤਰ ਉਪਲਬਧਤਾ:

ਮੌਜੂਦਾ ਉਪਲਬਧਤਾ: ਪ੍ਰਤੀ ਲੱਖ ਆਬਾਦੀ 'ਤੇ ਲਗਭਗ 7 ਸਰਕਾਰੀ ਬੱਸਾਂ

ਵਿਸਥਾਰ ਤੋਂ ਬਾਅਦ: ਪ੍ਰਤੀ ਲੱਖ ਆਬਾਦੀ 'ਤੇ ਲਗਭਗ 12 ਬੱਸਾਂ

ਬਿਹਤਰ ਕਨੈਕਟੀਵਿਟੀ

ਰੁਝੇਵਿਆਂ ਵਾਲੇ ਰੂਟਾਂ 'ਤੇ ਬੱਸ ਸੇਵਾਵਾਂ ਵਿੱਚ ਵਾਧਾ। ਉਨ੍ਹਾਂ ਪਿੰਡਾਂ ਅਤੇ ਕਸਬਿਆਂ ਲਈ ਸਰਕਾਰੀ ਬੱਸ ਕਨੈਕਟੀਵਿਟੀ ਜਿਨ੍ਹਾਂ ਵਿੱਚ ਵਰਤਮਾਨ ਵਿੱਚ ਕੋਈ ਨਿਰਧਾਰਤ ਸੇਵਾ ਨਹੀਂ ਹੈ।

ਪੰਜਾਬ ਭਰ ਵਿੱਚ ਆਖਰੀ ਮੀਲ ਤੱਕ ਦੀ ਬਿਹਤਰ ਕਨੈਕਟੀਵਿਟੀ।

ਘੱਟ ਸੇਵਾਵਾਂ ਵਾਲੇ ਰੂਟਾਂ ਦੀ ਪਛਾਣ ਕਰਨ ਅਤੇ ਬੱਸਾਂ ਨੂੰ ਉੱਥੇ ਤਾਇਨਾਤ ਕਰਨ ਲਈ ਸੈਟੇਲਾਈਟ-ਆਧਾਰਿਤ ਸਰਵੇਖਣ ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ।

ਕੁਸ਼ਲ ਸੰਚਾਲਨ

ਸਾਲਾਨਾ ਨਿਰਧਾਰਤ ਮਾਈਲੇਜ: 3,842 ਲੱਖ ਕਿਲੋਮੀਟਰ

ਪ੍ਰਤੀ ਬੱਸ ਦੀ ਔਸਤ ਰੋਜ਼ਾਨਾ ਦੌੜ: ਲਗਭਗ 300 ਕਿਲੋਮੀਟਰ, ਜਿਸ ਨੂੰ ਸਰਵੋਤਮ ਉਪਯੋਗਤਾ ਪੱਧਰ ਮੰਨਿਆ ਜਾਂਦਾ ਹੈ।

ਵਿਸਥਾਰ ਕਿਉਂ?

ਯਾਤਰੀਆਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ, ਖਾਸ ਕਰਕੇ ਔਰਤਾਂ ਲਈ ਮੁਫਤ ਬੱਸ ਸਫ਼ਰ ਦੀ ਸ਼ੁਰੂਆਤ ਤੋਂ ਬਾਅਦ।

ਪੰਜਾਬ ਭਰ ਵਿੱਚ ਕਿਫਾਇਤੀ, ਭਰੋਸੇਮੰਦ ਅਤੇ ਪਹੁੰਚਯੋਗ ਜਨਤਕ ਟਰਾਂਸਪੋਰਟ ਪ੍ਰਦਾਨ ਕਰਨ ਲਈ।

# ਡਾ. ਮਨਮੋਹਨ ਸਿੰਘ ਦੀ ਪੀੜਾ ਨੇ ਕਾਂਗਰਸ ਦਾ ਅਸਲ ਚਿਹਰਾ ਬੇਨਕਾਬ ਕੀਤਾ: ਪ੍ਰੋ. ਸਰਚਾਂਦ ਸਿੰਘ ਖਿਆਲਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਸਾਬਕਾ ਮੁੱਖ ਚੋਣ ਕਮਿਸ਼ਨਰ ਐੱਸ.ਵਾਈ. ਕੁਰੈਸ਼ੀ ਦੀ ਕਿਤਾਬ 'ਇੰਡੀਆ ਐਂਡ ਆਈ: ਏ ਹੰਡਰੈੱਡ ਮੈਮਰੀਜ਼, ਨਾਟ ਏ ਮੈਮੋਇਰ' ਵਿੱਚ ਕੀਤੇ ਖ਼ੁਲਾਸਿਆਂ ਨੂੰ ਕਾਂਗਰਸ ਦੇ ਦੋਹਰੇ ਚਿਹਰੇ ਦਾ ਪਰਦਾਫਾਸ਼ ਕਰਾਰ ਦਿੰਦਿਆਂ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਇਹ ਕਹਿਣਾ ਕਿ "ਮੈਂ ਖ਼ੁਦਕੁਸ਼ੀ ਕਰ ਲਵਾਂਗਾ" ਦਰਅਸਲ ਉਸ ਡੂੰਘੀ ਪੀੜਾ ਦਾ ਪ੍ਰਗਟਾਵਾ ਸੀ, ਜੋ ਉਨ੍ਹਾਂ ਨੂੰ ਆਪਣੀ ਹੀ ਪਾਰਟੀ ਦੇ ਮੰਤਰੀਆਂ ਵੱਲੋਂ ਚੋਣ ਕਮਿਸ਼ਨ ਵਰਗੀ ਸੁਤੰਤਰ ਸੰਵਿਧਾਨਕ ਸੰਸਥਾ ਦੀ ਮਰਿਆਦਾ ਨਾਲ ਖਿਲਵਾੜ ਕਾਰਨ ਸਹਿਣੀ ਪਈ ਸੀ। ਪ੍ਰੋ. ਖਿਆਲਾ ਨੇ ਕਿਹਾ ਕਿ ਕੁਰੈਸ਼ੀ ਦੀ ਕਿਤਾਬ ਨੇ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਦਾ ਲੋਕਤੰਤਰ ਅਤੇ ਸੰਵਿਧਾਨਕ ਸੰਸਥਾਵਾਂ ਪ੍ਰਤੀ ਸਤਿਕਾਰ ਸਿਰਫ਼ ਸਿਆਸੀ ਸਹੂਲਤ ਤੱਕ ਸੀਮਤ ਹੈ।

ਜਦੋਂ ਕਾਂਗਰਸ ਸੱਤਾ ਵਿੱਚ ਹੁੰਦੀ ਹੈ ਤਾਂ ਸੰਸਥਾਵਾਂ 'ਤੇ ਦਬਾਅ ਬਣਾਉਂਦੀ ਹੈ ਅਤੇ ਜਦੋਂ ਵਿਰੋਧ ਵਿੱਚ ਹੁੰਦੀ ਹੈ ਤਾਂ ਉਨ੍ਹਾਂ ਹੀ ਸੰਸਥਾਵਾਂ ਦੀ ਆੜ ਲੈ ਕੇ ਰਾਜਨੀਤੀ ਕਰਦੀ ਹੈ। ਉਨ੍ਹਾਂ ਕਿਹਾ ਕਿ 2012 ਦੀਆਂ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੌਰਾਨ ਤਤਕਾਲੀ ਕਾਨੂੰਨ ਮੰਤਰੀ ਸਲਮਾਨ ਖ਼ੁਰਸ਼ੀਦ ਵੱਲੋਂ ਮੁਸਲਮਾਨਾਂ ਲਈ ਨੌਕਰੀਆਂ ਵਿੱਚ ਰਾਖਵਾਂ ਕੋਟਾ 4.5 ਫ਼ੀਸਦੀ ਤੋਂ ਵਧਾ ਕੇ 9 ਫ਼ੀਸਦੀ ਕਰਨ ਦਾ ਐਲਾਨ ਕਰਨਾ ਆਦਰਸ਼ ਚੋਣ ਜ਼ਾਬਤੇ ਦੀ ਸਪੱਸ਼ਟ ਉਲੰਘਣਾ ਸੀ। ਇਹ ਕਾਂਗਰਸ ਵੱਲੋਂ ਧਰਮ ਦੇ ਆਧਾਰ 'ਤੇ ਵੋਟਾਂ ਹਾਸਲ ਕਰਨ ਦੀ ਖੁੱਲ੍ਹੀ ਕੋਸ਼ਿਸ਼ ਸੀ।


ਉਸ ਵੇਲੇ ਭਾਰਤੀ ਜਨਤਾ ਪਾਰਟੀ ਨੇ ਹੀ ਸਭ ਤੋਂ ਪਹਿਲਾਂ ਇਸ ਦਾ ਵਿਰੋਧ ਕੀਤਾ ਅਤੇ ਮਾਮਲਾ ਚੋਣ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ। ਭਾਜਪਾ ਦੀ ਸ਼ਿਕਾਇਤ 'ਤੇ ਚੋਣ ਕਮਿਸ਼ਨ ਨੇ ਸਲਮਾਨ ਖ਼ੁਰਸ਼ੀਦ ਦੀ ਨਿੰਦਾ ਕੀਤੀ, ਜੋ ਆਦਰਸ਼ ਚੋਣ ਜ਼ਾਬਤੇ ਤਹਿਤ ਸਭ ਤੋਂ ਸਖ਼ਤ ਕਾਰਵਾਈ ਸੀ। ਪ੍ਰੋ. ਖਿਆਲਾ ਨੇ ਕਿਹਾ ਕਿ ਕਾਂਗਰਸ ਦਾ ਇਤਿਹਾਸ ਸਮਾਜ ਨੂੰ ਧਰਮ, ਜਾਤ ਅਤੇ ਵਰਗ ਦੇ ਆਧਾਰ 'ਤੇ ਵੰਡ ਕੇ ਸਿਆਸੀ ਲਾਭ ਲੈਣ ਦੀ ਰਾਜਨੀਤੀ ਨਾਲ ਭਰਿਆ ਪਿਆ ਹੈ। ਇਸੇ ਸੋਚ ਦੀ ਝਲਕ ਉਸ ਵੇਲੇ ਵੀ ਸਾਹਮਣੇ ਆਈ ਜਦੋਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਜੂਨ 2023 ਵਿੱਚ ਆਪਣੀ ਅਮਰੀਕਾ ਯਾਤਰਾ ਦੌਰਾਨ ਮੁਸਲਿਮ ਲੀਗ ਨੂੰ ਵੀ ਇੱਕ "ਧਰਮ ਨਿਰਪੱਖ ਪਾਰਟੀ" ਕਰਾਰ ਦਿੱਤਾ ਸੀ। ਇਹ ਕਾਂਗਰਸ ਦੀ ਉਸ ਸੋਚ ਨੂੰ ਵੀ ਬੇਨਕਾਬ ਕਰਦਾ ਹੈ, ਜੋ ਅੱਜ ਵੀ ਧਰਮ-ਆਧਾਰਿਤ ਸਿਆਸਤ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰਦੀ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦਾ ਆਪਣਾ ਇਤਿਹਾਸ ਚੋਣ ਕਮਿਸ਼ਨ 'ਤੇ ਦਬਾਅ ਬਣਾਉਣ, ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਅਤੇ ਧਰਮ ਦੇ ਨਾਮ 'ਤੇ ਵੋਟਾਂ ਮੰਗਣ ਨਾਲ ਜੁੜਿਆ ਹੋਵੇ, ਉਨ੍ਹਾਂ ਨੂੰ ਅੱਜ ਲੋਕਤੰਤਰ ਅਤੇ ਸੰਵਿਧਾਨਕ ਸੰਸਥਾਵਾਂ ਬਾਰੇ ਨਸੀਹਤ ਦੇਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਅੱਜ ਚੋਣ ਕਮਿਸ਼ਨ ਦੇ ਕਿਸੇ ਵੀ ਪ੍ਰਸ਼ਾਸਨਿਕ ਜਾਂ ਕਾਨੂੰਨੀ ਫੈਸਲੇ ਨੂੰ ਸਿਆਸੀ ਰੰਗ ਦੇ ਕੇ ਉਸ ਦੀ ਭਰੋਸੇਯੋਗਤਾ ਨੂੰ ਢਾਹ ਲਗਾਉਣ ਦੀ ਕਾਂਗਰਸ ਦੀ ਕੋਸ਼ਿਸ਼ ਲੋਕਤੰਤਰ ਲਈ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਅੱਜ ਉਹੀ ਕਾਂਗਰਸ ਐਸ.ਆਈ.ਆਰ. ਅਤੇ ਹੋਰ ਚੋਣੀ ਪ੍ਰਕਿਰਿਆਵਾਂ ਨੂੰ ਲੈ ਕੇ ਭਾਜਪਾ ਅਤੇ ਕੇਂਦਰ ਸਰਕਾਰ 'ਤੇ ਸਵਾਲ ਖੜ੍ਹੇ ਕਰ ਰਹੀ ਹੈ।

ਹਕੀਕਤ ਇਹ ਹੈ ਕਿ ਵੋਟਰ ਸੂਚੀਆਂ ਦੀ ਸ਼ੁੱਧਤਾ, ਪਾਰਦਰਸ਼ਤਾ ਅਤੇ ਭਰੋਸੇਯੋਗਤਾ ਨੂੰ ਯਕੀਨੀ ਬਣਾਉਣਾ ਚੋਣ ਕਮਿਸ਼ਨ ਦਾ ਸੰਵਿਧਾਨਕ ਫ਼ਰਜ਼ ਹੈ। ਜਾਅਲੀ, ਦੁਹਰਾਈਆਂ ਜਾਂ ਅਯੋਗ ਐਂਟਰੀਆਂ ਨੂੰ ਹਟਾਉਣ ਲਈ ਕੀਤੇ ਜਾ ਰਹੇ ਕਦਮਾਂ ਦਾ ਵਿਰੋਧ ਕਰਨਾ ਲੋਕਤੰਤਰਿਕ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਦੇ ਇਹ ਸ਼ਬਦ "ਚੋਣ ਕਮਿਸ਼ਨ ਭਾਰਤ ਦੀ ਜਮਹੂਰੀਅਤ ਦੀ ਰੂਹ ਹੈ, ਜੇ ਅਸੀਂ ਇਸ ਨੂੰ ਗੁਆ ਦਿੰਦੇ ਹਾਂ ਤਾਂ ਅਸੀਂ ਸਭ ਕੁਝ ਗੁਆ ਦੇਵਾਂਗੇ" ਅੱਜ ਸਭ ਤੋਂ ਵੱਧ ਕਾਂਗਰਸ ਲਈ ਹੀ ਇੱਕ ਚੇਤਾਵਨੀ ਹਨ।

ਕਾਂਗਰਸ ਨੂੰ ਲੋਕਤੰਤਰ ਦੀ ਦੁਹਾਈ ਦੇਣ ਤੋਂ ਪਹਿਲਾਂ ਆਪਣੇ ਇਤਿਹਾਸ, ਆਪਣੇ ਆਚਰਨ ਅਤੇ ਆਪਣੀ ਤੁਸ਼ਟੀਕਰਨ ਦੀ ਰਾਜਨੀਤੀ ਦਾ ਆਤਮ-ਮੰਥਨ ਕਰਨਾ ਚਾਹੀਦਾ ਹੈ। ਇਨ੍ਹਾਂ ਸੰਸਥਾਵਾਂ ਦਾ ਸਤਿਕਾਰ ਕਰਨਾ ਹਰ ਸਿਆਸੀ ਦਲ ਦੀ ਜ਼ਿੰਮੇਵਾਰੀ ਹੈ।


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films
Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

SANJHI SOCH
ਨਵਨੀਤ ਸਿੰਘ
9814509900



# ਨੌਜਵਾਨਾਂ ਦੇ ਜੋਸ਼ ਨਾਲ ਹੀ ਬਚੇਗੀ ਪੰਜਾਬ ਦੀ ਖੇਤੀ

ਪੰਜਾਬ ਦੀ ਧਰਤੀ ਨੂੰ ਸਦੀਆਂ ਤੋਂ ਮਿਹਨਤੀ ਕਿਸਾਨਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਇਸ ਮਿੱਟੀ ਨੇ ਨਾ ਸਿਰਫ਼ ਪੰਜਾਬ ਦੇ ਲੋਕਾਂ ਦਾ ਪੇਟ ਭਰਿਆ ਹੈ, ਸਗੋਂ ਪੂਰੇ ਦੇਸ਼ ਦੀ ਅੰਨ ਸੁਰੱਖਿਆ ਵਿੱਚ ਵੀ ਵੱਡਾ ਯੋਗਦਾਨ ਪਾਇਆ ਹੈ। ਹਰੀ ਕ੍ਰਾਂਤੀ ਦੇ ਦੌਰ ਵਿੱਚ ਪੰਜਾਬ ਦੇ ਕਿਸਾਨਾਂ ਨੇ ਆਪਣੀ ਮਿਹਨਤ, ਲਗਨ ਅਤੇ ਦੂਰਅੰਦੇਸ਼ੀ ਨਾਲ ਦੇਸ਼ ਨੂੰ ਅਨਾਜ ਦੇ ਮਾਮਲੇ ਵਿੱਚ ਆਤਮਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਪਰ ਸਮੇਂ ਦੇ ਨਾਲ ਪੰਜਾਬ ਦੀ ਖੇਤੀ ਕਈ ਗੰਭੀਰ ਚੁਣੌਤੀਆਂ ਦੇ ਘੇਰੇ ਵਿੱਚ ਆ ਗਈ ਹੈ। ਅੱਜ ਜਦੋਂ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਘਟ ਰਿਹਾ ਹੈ, ਮਿੱਟੀ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੋ ਰਹੀ ਹੈ ਅਤੇ ਖੇਤੀ ਦੀ ਲਾਗਤ ਲਗਾਤਾਰ ਵਧ ਰਹੀ ਹੈ, ਤਦ ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਨੌਜਵਾਨਾਂ ਦਾ ਉਤਸ਼ਾਹ ਅਤੇ ਭਾਗੀਦਾਰੀ ਬਹੁਤ ਜ਼ਰੂਰੀ ਬਣ ਗਈ ਹੈ।

ਪਿਛਲੇ ਕੁਝ ਦਹਾਕਿਆਂ ਦੌਰਾਨ ਪੰਜਾਬ ਦੀ ਖੇਤੀ ਮੁੱਖ ਤੌਰ 'ਤੇ ਕਣਕ ਅਤੇ ਝੋਨੇ ਦੇ ਚੱਕਰ ਤੱਕ ਸੀਮਿਤ ਹੋ ਗਈ ਹੈ। ਇਸ ਕਾਰਨ ਜਿੱਥੇ ਪਾਣੀ ਦੀ ਬੇਹਿਸਾਬ ਵਰਤੋਂ ਹੋਈ ਹੈ, ਉੱਥੇ ਹੀ ਮਿੱਟੀ ਦੀ ਸਿਹਤ ਉੱਤੇ ਵੀ ਮਾੜਾ ਪ੍ਰਭਾਵ ਪਿਆ ਹੈ। ਕਈ ਖੇਤਰਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਹੇਠਾਂ ਜਾ ਰਿਹਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਚਿੰਤਾ ਦਾ ਵਿਸ਼ਾ ਹੈ। ਇਸ ਸਥਿਤੀ ਨੂੰ ਬਦਲਣ ਲਈ ਨਵੀਂ ਸੋਚ ਅਤੇ ਨਵੇਂ ਤਰੀਕਿਆਂ ਦੀ ਲੋੜ ਹੈ ਅਤੇ ਇਹ ਬਦਲਾਅ ਨੌਜਵਾਨ ਪੀੜ੍ਹੀ ਹੀ ਲਿਆ ਸਕਦੀ ਹੈ।ਅੱਜ ਦਾ ਨੌਜਵਾਨ ਪੜ੍ਹਿਆ-ਲਿਖਿਆ ਹੈ ਅਤੇ ਆਧੁਨਿਕ ਤਕਨਾਲੋਜੀ ਨਾਲ ਜੁੜਿਆ ਹੋਇਆ ਹੈ।

ਡਰੋਨ, ਸੈਂਸਰ, ਮੋਬਾਈਲ ਐਪਾਂ, ਆਧੁਨਿਕ ਮਸ਼ੀਨਰੀ ਅਤੇ ਡਿਜ਼ੀਟਲ ਮਾਰਕੀਟਿੰਗ ਵਰਗੀਆਂ ਤਕਨੀਕਾਂ ਖੇਤੀ ਨੂੰ ਨਵੀਂ ਦਿਸ਼ਾ ਦੇ ਰਹੀਆਂ ਹਨ। ਜੇਕਰ ਨੌਜਵਾਨ ਇਨ੍ਹਾਂ ਤਕਨੀਕਾਂ ਦੀ ਵਰਤੋਂ ਕਰਕੇ ਖੇਤੀ ਨਾਲ ਜੁੜਨ ਤਾਂ ਉਤਪਾਦਨ ਵਧਾਉਣ ਦੇ ਨਾਲ-ਨਾਲ ਖਰਚਿਆਂ ਨੂੰ ਵੀ ਘਟਾਇਆ ਜਾ ਸਕਦਾ ਹੈ। ਖੇਤੀ ਨੂੰ ਸਿਰਫ਼ ਰਵਾਇਤੀ ਧੰਦਾ ਸਮਝਣ ਦੀ ਬਜਾਏ ਇੱਕ ਆਧੁਨਿਕ ਅਤੇ ਲਾਭਕਾਰੀ ਕਾਰੋਬਾਰ ਵਜੋਂ ਦੇਖਣ ਦੀ ਲੋੜ ਹੈ।

ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਫਸਲੀ ਵਿਭਿੰਨਤਾ ਵੀ ਬਹੁਤ ਮਹੱਤਵਪੂਰਨ ਹੈ। ਮੱਕੀ, ਦਾਲਾਂ, ਤੇਲ ਬੀਜ, ਸਬਜ਼ੀਆਂ, ਫਲਾਂ ਅਤੇ ਬਾਗਬਾਨੀ ਵਰਗੀਆਂ ਫਸਲਾਂ ਵੱਲ ਵਧਣਾ ਸਮੇਂ ਦੀ ਲੋੜ ਹੈ।

ਇਸ ਤੋਂ ਇਲਾਵਾ ਡੇਅਰੀ ਫਾਰਮਿੰਗ, ਮਧੂ ਮੱਖੀ ਪਾਲਣ, ਮੱਛੀ ਪਾਲਣ, ਪੋਲਟਰੀ ਅਤੇ ਖੁੰਭਾਂ ਦੀ ਕਾਸ਼ਤ ਵਰਗੇ ਸਹਾਇਕ ਧੰਦੇ ਵੀ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਨੌਜਵਾਨਾਂ ਦੀ ਨਵੀਂ ਸੋਚ ਅਤੇ ਉਤਸ਼ਾਹ ਇਨ੍ਹਾਂ ਖੇਤਰਾਂ ਵਿੱਚ ਨਵੇਂ ਮੌਕੇ ਪੈਦਾ ਕਰ ਸਕਦੇ ਹਨ।

ਅੱਜ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਰੁਜ਼ਗਾਰ ਅਤੇ ਬਿਹਤਰ ਭਵਿੱਖ ਦੀ ਭਾਲ ਵਿੱਚ ਵਿਦੇਸ਼ਾਂ ਵੱਲ ਰੁਖ ਕਰ ਰਹੇ ਹਨ। ਇਹ ਰੁਝਾਨ ਪਰਿਵਾਰਾਂ ਅਤੇ ਸਮਾਜ ਲਈ ਤਾਂ ਚਿੰਤਾ ਦਾ ਵਿਸ਼ਾ ਹੈ ਹੀ, ਨਾਲ ਹੀ ਖੇਤੀ ਦੇ ਭਵਿੱਖ ਉੱਤੇ ਵੀ ਸਵਾਲ ਖੜ੍ਹੇ ਕਰਦਾ ਹੈ। ਜੇਕਰ ਨੌਜਵਾਨ ਖੇਤੀ ਤੋਂ ਦੂਰ ਹੋ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਖੇਤੀ ਨੂੰ ਸੰਭਾਲਣ ਵਾਲੇ ਹੱਥਾਂ ਦੀ ਕਮੀ ਮਹਿਸੂਸ ਹੋ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ ਖੇਤੀ ਨੂੰ ਮਾਣਯੋਗ, ਲਾਭਕਾਰੀ ਅਤੇ ਆਧੁਨਿਕ ਪੇਸ਼ੇ ਵਜੋਂ ਪੇਸ਼ ਕੀਤਾ ਜਾਵੇ।

ਸਰਕਾਰ, ਖੇਤੀ ਯੂਨੀਵਰਸਿਟੀਆਂ ਅਤੇ ਸਮਾਜਿਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਨੂੰ ਖੇਤੀ ਨਾਲ ਜੋੜਨ ਲਈ ਵਿਸ਼ੇਸ਼ ਯੋਜਨਾਵਾਂ, ਸਿਖਲਾਈ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ। ਸਸਤੇ ਕਰਜ਼ੇ, ਆਧੁਨਿਕ ਮਸ਼ੀਨਰੀ ਉੱਤੇ ਸਬਸਿਡੀ ਅਤੇ ਖੇਤੀ ਉਤਪਾਦਾਂ ਦੀ ਵਧੀਆ ਮਾਰਕੀਟਿੰਗ ਦੀ ਵਿਵਸਥਾ ਨੌਜਵਾਨਾਂ ਨੂੰ ਖੇਤੀ ਵੱਲ ਆਕਰਸ਼ਿਤ ਕਰ ਸਕਦੀ ਹੈ।

ਪੰਜਾਬ ਦੀ ਖੇਤੀ ਦਾ ਭਵਿੱਖ ਨੌਜਵਾਨਾਂ ਦੇ ਹੱਥਾਂ ਵਿੱਚ ਹੈ। ਉਨ੍ਹਾਂ ਦੀ ਊਰਜਾ, ਨਵੀਂ ਸੋਚ ਅਤੇ ਤਕਨੀਕੀ ਸਮਝ ਖੇਤੀ ਨੂੰ ਨਵੀਆਂ ਉਚਾਈਆਂ ਤੱਕ ਲੈ ਜਾ ਸਕਦੀ ਹੈ। ਜੇਕਰ ਅਸੀਂ ਅੱਜ ਨੌਜਵਾਨਾਂ ਨੂੰ ਖੇਤੀ ਨਾਲ ਜੋੜਨ ਵਿੱਚ ਸਫਲ ਹੋ ਜਾਂਦੇ ਹਾਂ ਤਾਂ ਪੰਜਾਬ ਦੀ ਹਰਿਆਵਲੀ, ਪਿੰਡਾਂ ਦੀ ਖੁਸ਼ਹਾਲੀ ਅਤੇ ਕਿਸਾਨਾਂ ਦੀ ਆਰਥਿਕ ਮਜ਼ਬੂਤੀ ਨੂੰ ਲੰਮੇ ਸਮੇਂ ਤੱਕ ਕਾਇਮ ਰੱਖਿਆ ਜਾ ਸਕੇਗਾ। ਅਸਲ ਵਿੱਚ ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਨੌਜਵਾਨਾਂ ਦਾ ਉਤਸ਼ਾਹ ਸਿਰਫ਼ ਜ਼ਰੂਰੀ ਹੀ ਨਹੀਂ, ਸਗੋਂ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


**HOMEOPATHIC NATURAL MEDICINES**

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**





RE/MAX EXECUTIVE

ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**

Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਨਸ਼ਾ ਮੁਕਤੀ ਇਲਾਜ
# ਮੁੜ ਸਿਹਤਮੰਦ ਜੀਵਨ ਵੱਲ ਉਮੀਦ ਦੀ ਰਾਹ

ਨਸ਼ੇ ਦੀ ਲਤ ਅੱਜ ਦੁਨੀਆ ਭਰ ਵਿੱਚ ਇੱਕ ਗੰਭੀਰ ਸਿਹਤ ਅਤੇ ਸਮਾਜਿਕ ਸਮੱਸਿਆ ਬਣ ਚੁੱਕੀ ਹੈ। ਸ਼ਰਾਬ, ਤੰਬਾਕੂ, ਨਸ਼ੀਲੇ ਪਦਾਰਥਾਂ, ਜੂਏ, ਆਨਲਾਈਨ ਗੇਮਿੰਗ, ਸੋਸ਼ਲ ਮੀਡੀਆ ਅਤੇ ਸਮਾਰਟਫੋਨ ਦੀ ਬੇਹੱਦ ਵਰਤੋਂ ਵੀ ਕਈ ਵਾਰ ਲਤ ਦਾ ਰੂਪ ਧਾਰ ਲੈਂਦੀ ਹੈ। ਨਸ਼ਾ ਸਿਰਫ਼ ਵਿਅਕਤੀ ਦੇ ਸਰੀਰ ਨੂੰ ਹੀ ਨਹੀਂ, ਸਗੋਂ ਉਸ ਦੀ ਮਾਨਸਿਕ ਸਿਹਤ, ਪਰਿਵਾਰਕ ਰਿਸ਼ਤਿਆਂ, ਸਿੱਖਿਆ, ਰੁਜ਼ਗਾਰ ਅਤੇ ਸਮਾਜਿਕ ਜੀਵਨ ਨੂੰ ਵੀ ਪ੍ਰਭਾਵਿਤ ਕਰਦਾ ਹੈ।ਚੰਗੀ ਗੱਲ ਇਹ ਹੈ ਕਿ ਨਸ਼ੇ ਦੀ ਲਤ ਦਾ ਇਲਾਜ ਸੰਭਵ ਹੈ।

ਆਧੁਨਿਕ ਚਿਕਿਤਸਾ ਵਿਗਿਆਨ ਨੇ ਇਹ ਸਾਬਤ ਕੀਤਾ ਹੈ ਕਿ ਨਸ਼ਾ ਕੋਈ ਚਰਿੱਤਰ ਦੀ ਕਮਜ਼ੋਰੀ ਨਹੀਂ, ਸਗੋਂ ਇੱਕ ਅਜਿਹੀ ਸਿਹਤ ਸੰਬੰਧੀ ਸਥਿਤੀ ਹੈ ਜਿਸ ਦਾ ਸਹੀ ਇਲਾਜ, ਕਾਊਂਸਲਿੰਗ ਅਤੇ ਪਰਿਵਾਰਕ ਸਹਿਯੋਗ ਨਾਲ ਸਫ਼ਲਤਾਪੂਰਵਕ ਮੁਕਾਬਲਾ ਕੀਤਾ ਜਾ ਸਕਦਾ ਹੈ।

ਨਸ਼ਾ ਕਿਵੇਂ ਲਤ ਬਣ ਜਾਂਦਾ ਹੈ?

ਜਦੋਂ ਕੋਈ ਵਿਅਕਤੀ ਵਾਰ-ਵਾਰ ਕਿਸੇ ਨਸ਼ੀਲੇ ਪਦਾਰਥ ਜਾਂ ਆਦਤ ਦੀ ਵਰਤੋਂ ਕਰਦਾ ਹੈ, ਤਾਂ ਦਿਮਾਗ ਦੇ "ਇਨਾਮ ਪ੍ਰਣਾਲੀ" (ਰਿਵਾਰਡ ਸਿਸਟਮ) ਵਿੱਚ ਬਦਲਾਅ ਆਉਣ ਲੱਗਦੇ ਹਨ। ਦਿਮਾਗ ਡੋਪਾਮਿਨ ਨਾਮਕ ਰਸਾਇਣ ਦੇ ਪ੍ਰਭਾਵ ਦਾ ਆਦੀ ਹੋ ਜਾਂਦਾ ਹੈ ਅਤੇ ਸਮੇਂ ਦੇ ਨਾਲ ਉਹੀ ਖੁਸ਼ੀ ਪ੍ਰਾਪਤ ਕਰਨ ਲਈ ਵੱਧ ਮਾਤਰਾ ਜਾਂ ਵੱਧ ਸਮੇਂ ਦੀ ਲੋੜ ਪੈਂਦੀ ਹੈ। ਇਸ ਤਰ੍ਹਾਂ ਲਤ ਵਿਅਕਤੀ ਦੇ ਜੀਵਨ 'ਤੇ ਕਬਜ਼ਾ ਕਰ ਲੈਂਦੀ ਹੈ।

ਡੀਟੌਕਸੀਫਿਕੇਸ਼ਨ

ਨਸ਼ਾ ਛੁਡਾਉਣ ਦੀ ਪਹਿਲੀ ਕੜੀ ਡੀਟੌਕਸੀਫਿਕੇਸ਼ਨ ਹੁੰਦੀ ਹੈ। ਇਸ ਦੌਰਾਨ ਡਾਕਟਰਾਂ ਦੀ ਨਿਗਰਾਨੀ ਹੇਠ ਸਰੀਰ ਵਿੱਚੋਂ ਨਸ਼ੀਲੇ ਪਦਾਰਥਾਂ ਨੂੰ ਹੌਲੀ-ਹੌਲੀ ਬਾਹਰ ਕੱਢਿਆ ਜਾਂਦਾ ਹੈ। ਕੁਝ ਨਸ਼ਿਆਂ ਨੂੰ ਅਚਾਨਕ ਛੱਡਣ ਨਾਲ ਗੰਭੀਰ ਲੱਛਣ ਪੈਦਾ ਹੋ ਸਕਦੇ ਹਨ, ਇਸ ਲਈ ਡਾਕਟਰੀ ਦੇਖਭਾਲ ਬਹੁਤ ਜ਼ਰੂਰੀ ਹੁੰਦੀ ਹੈ।

ਸੰਜਾਣਾਤਮਕ ਵਿਵਹਾਰਕ ਥੈਰੇਪੀ

ਸੀਬੀਟੀ ਨਸ਼ਾ ਮੁਕਤੀ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਥੈਰੇਪੀਆਂ ਵਿੱਚੋਂ ਇੱਕ ਹੈ। ਇਸ ਵਿੱਚ ਵਿਅਕਤੀ ਨੂੰ ਉਹ ਵਿਚਾਰ, ਭਾਵਨਾਵਾਂ ਅਤੇ ਸਥਿਤੀਆਂ ਪਛਾਣਣ ਵਿੱਚ ਮਦਦ ਕੀਤੀ ਜਾਂਦੀ ਹੈ ਜੋ ਨਸ਼ੇ ਵੱਲ ਧੱਕਦੀਆਂ ਹਨ। ਫਿਰ ਉਨ੍ਹਾਂ ਦੀ ਥਾਂ ਸਿਹਤਮੰਦ ਸੋਚ ਅਤੇ ਵਿਵਹਾਰ ਵਿਕਸਿਤ ਕੀਤਾ ਜਾਂਦਾ ਹੈ।

ਇਸ ਥੈਰੇਪੀ ਰਾਹੀਂ ਵਿਅਕਤੀ:

- ਨਸ਼ੇ ਦੇ ਕਾਰਨਾਂ ਨੂੰ ਸਮਝਦਾ ਹੈ।
- ਤਣਾਅ ਨਾਲ ਨਜਿੱਠਣ ਦੇ ਨਵੇਂ ਤਰੀਕੇ ਸਿੱਖਦਾ ਹੈ।
- ਨਸ਼ੇ ਦੀ ਤਲਬ ਨੂੰ ਕਾਬੂ ਕਰਨ ਦੀ ਯੋਗਤਾ ਵਿਕਸਿਤ ਕਰਦਾ ਹੈ।
- ਦੁਬਾਰਾ ਨਸ਼ੇ ਵੱਲ ਮੁੜਨ ਦੇ ਖ਼ਤਰੇ ਨੂੰ ਘਟਾਉਂਦਾ ਹੈ।

ਪ੍ਰੇਰਣਾਤਮਕ ਕਾਊਂਸਲਿੰਗ

ਬਹੁਤ ਸਾਰੇ ਲੋਕ ਨਸ਼ਾ ਛੱਡਣਾ ਤਾਂ ਚਾਹੁੰਦੇ ਹਨ ਪਰ ਉਨ੍ਹਾਂ ਵਿੱਚ ਪੂਰਾ ਵਿਸ਼ਵਾਸ ਨਹੀਂ ਹੁੰਦਾ। ਇਸ ਥੈਰੇਪੀ ਵਿੱਚ ਕਾਊਂਸਲਰ ਵਿਅਕਤੀ ਨੂੰ ਆਪਣੀਆਂ ਇੱਛਾਵਾਂ, ਟੀਚਿਆਂ ਅਤੇ ਜੀਵਨ ਦੀਆਂ ਤਰਜੀਹਾਂ ਬਾਰੇ ਸੋਚਣ ਲਈ ਪ੍ਰੇਰਿਤ ਕਰਦਾ ਹੈ। ਇਸ ਨਾਲ ਨਸ਼ਾ ਛੱਡਣ ਦੀ ਅੰਦਰੂਨੀ ਇੱਛਾ ਮਜ਼ਬੂਤ ਹੁੰਦੀ ਹੈ।

ਦਵਾਈਆਂ ਰਾਹੀਂ ਇਲਾਜ

ਕੁਝ ਕਿਸਮਾਂ ਦੇ ਨਸ਼ਿਆਂ ਵਿੱਚ ਡਾਕਟਰ ਦਵਾਈਆਂ ਦੀ ਮਦਦ ਵੀ ਲੈਂਦੇ ਹਨ। ਇਹ ਦਵਾਈਆਂ:

- ਨਸ਼ੇ ਦੀ ਤਲਬ ਘਟਾਉਂਦੀਆਂ ਹਨ।
- ਛੱਡਣ ਦੌਰਾਨ ਹੋਣ ਵਾਲੀਆਂ ਤਕਲੀਫ਼ਾਂ ਨੂੰ ਘਟਾਉਂਦੀਆਂ ਹਨ।
- ਦੁਬਾਰਾ ਨਸ਼ਾ ਕਰਨ ਦੀ ਸੰਭਾਵਨਾ ਘਟਾਉਂਦੀਆਂ ਹਨ।

ਦਵਾਈਆਂ ਦਾ ਸੇਵਨ ਹਮੇਸ਼ਾਂ ਮਾਹਿਰ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ।

ਸਮੂਹਕ ਥੈਰੇਪੀ

ਜਦੋਂ ਨਸ਼ਾ ਛੱਡਣ ਵਾਲੇ ਲੋਕ ਇੱਕ-ਦੂਜੇ ਨਾਲ ਆਪਣੇ ਤਜ਼ਰਬੇ ਸਾਂਝੇ ਕਰਦੇ ਹਨ ਤਾਂ ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਇਕੱਲੇ ਨਹੀਂ ਹਨ। ਸਮੂਹਕ ਥੈਰੇਪੀ ਆਤਮ-ਵਿਸ਼ਵਾਸ ਵਧਾਉਂਦੀ ਹੈ, ਹੌਸਲਾ ਦਿੰਦੀ ਹੈ ਅਤੇ ਲੰਬੇ ਸਮੇਂ ਤੱਕ ਨਸ਼ਾ-ਮੁਕਤ ਰਹਿਣ ਵਿੱਚ ਮਦਦ ਕਰਦੀ ਹੈ।

ਪਰਿਵਾਰਕ ਥੈਰੇਪੀ

ਨਸ਼ਾ ਸਿਰਫ਼ ਇੱਕ ਵਿਅਕਤੀ ਦੀ ਸਮੱਸਿਆ ਨਹੀਂ ਹੁੰਦੀ, ਇਹ ਪੂਰੇ ਪਰਿਵਾਰ ਨੂੰ ਪ੍ਰਭਾਵਿਤ ਕਰਦਾ ਹੈ। ਪਰਿਵਾਰਕ ਥੈਰੇਪੀ ਰਾਹੀਂ ਆਪਸੀ ਭਰੋਸਾ ਮੁੜ ਬਣਾਇਆ ਜਾਂਦਾ ਹੈ, ਸੰਚਾਰ ਵਿੱਚ ਸੁਧਾਰ ਕੀਤਾ ਜਾਂਦਾ ਹੈ ਅਤੇ ਪਰਿਵਾਰ ਨੂੰ ਇਹ ਸਮਝਾਇਆ ਜਾਂਦਾ ਹੈ ਕਿ ਉਹ ਮਰੀਜ਼ ਦੀ ਕਿਵੇਂ ਮਦਦ ਕਰ ਸਕਦੇ ਹਨ।

ਡਿਜ਼ੀਟਲ ਅਤੇ ਆਨਲਾਈਨ ਥੈਰੇਪੀ

ਅੱਜਕੱਲ੍ਹ ਤਕਨਾਲੋਜੀ ਨੇ ਨਸ਼ਾ ਮੁਕਤੀ ਇਲਾਜ ਨੂੰ ਹੋਰ ਵੀ ਆਸਾਨ ਬਣਾ ਦਿੱਤਾ ਹੈ। ਵੀਡੀਓ ਕਾਊਂਸਲਿੰਗ, ਮੋਬਾਈਲ ਐਪਾਂ, ਆਨਲਾਈਨ ਸਹਾਇਤਾ ਸਮੂਹ ਅਤੇ ਡਿਜ਼ੀਟਲ ਸੀਬੀਟੀ ਪ੍ਰੋਗਰਾਮ ਲੋਕਾਂ ਨੂੰ ਘਰ ਬੈਠੇ ਮਾਹਿਰਾਂ ਨਾਲ ਜੁੜਨ ਦਾ ਮੌਕਾ ਦਿੰਦੇ ਹਨ।

ਯੋਗ, ਧਿਆਨ ਅਤੇ ਹੋਰ ਸਹਾਇਕ ਥੈਰੇਪੀਆਂ

ਨਸ਼ਾ ਮੁਕਤੀ ਦੇ ਇਲਾਜ ਵਿੱਚ ਯੋਗ, ਧਿਆਨ, ਕਸਰਤ, ਸੰਗੀਤ ਥੈਰੇਪੀ, ਕਲਾ ਥੈਰੇਪੀ ਅਤੇ ਕੁਦਰਤ ਨਾਲ ਸਮਾਂ ਬਿਤਾਉਣਾ ਵੀ ਲਾਭਦਾਇਕ ਸਾਬਤ ਹੋ ਰਿਹਾ ਹੈ। ਇਹ ਤਰੀਕੇ ਮਨ ਨੂੰ ਸ਼ਾਂਤ ਕਰਦੇ ਹਨ, ਤਣਾਅ ਘਟਾਉਂਦੇ ਹਨ ਅਤੇ ਆਤਮ-ਨਿਯੰਤਰਣ ਵਧਾਉਂਦੇ ਹਨ।

ਵਿਵਹਾਰਕ ਲਤਾਂ ਦਾ ਇਲਾਜ

ਹਰ ਲਤ ਨਸ਼ੀਲੇ ਪਦਾਰਥਾਂ ਨਾਲ ਨਹੀਂ ਜੁੜੀ ਹੁੰਦੀ। ਮੋਬਾਈਲ, ਸੋਸ਼ਲ ਮੀਡੀਆ, ਆਨਲਾਈਨ ਗੇਮਿੰਗ, ਜੂਆ ਅਤੇ ਬੇਲੋੜੀ ਖਰੀਦਦਾਰੀ ਵਰਗੀਆਂ ਆਦਤਾਂ ਵੀ ਲਤ ਬਣ ਸਕਦੀਆਂ ਹਨ। ਇਨ੍ਹਾਂ ਦੇ ਇਲਾਜ ਲਈ ਕਾਊਂਸਲਿੰਗ, ਸਮਾਂ ਪ੍ਰਬੰਧਨ, ਡਿਜ਼ੀਟਲ ਸੰਤੁਲਨ ਅਤੇ ਪਰਿਵਾਰਕ ਸਹਿਯੋਗ ਬਹੁਤ ਮਹੱਤਵਪੂਰਨ ਹਨ।


ਦੁਬਾਰਾ ਲਤ ਤੋਂ ਬਚਾਅ

ਨਸ਼ਾ ਛੱਡਣ ਤੋਂ ਬਾਅਦ ਵੀ ਕਈ ਵਾਰ ਵਿਅਕਤੀ ਮੁੜ ਨਸ਼ੇ ਵੱਲ ਆਕਰਸ਼ਿਤ ਹੋ ਸਕਦਾ ਹੈ। ਇਸ ਲਈ ਲਗਾਤਾਰ ਇਲਾਜ, ਨਿਯਮਿਤ ਕਾਊਂਸਲਿੰਗ, ਸਕਾਰਾਤਮਕ ਦੋਸਤਾਂ ਦੀ ਸੰਗਤ, ਸਿਹਤਮੰਦ ਜੀਵਨ-ਸ਼ੈਲੀ ਅਤੇ ਪਰਿਵਾਰ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਜੇ ਕਦੇ ਦੁਬਾਰਾ ਨਸ਼ਾ ਹੋ ਵੀ ਜਾਵੇ ਤਾਂ ਇਸਨੂੰ ਅਸਫਲਤਾ ਨਹੀਂ, ਸਗੋਂ ਇਲਾਜ ਨੂੰ ਹੋਰ ਮਜ਼ਬੂਤ ਕਰਨ ਦਾ ਸੰਕੇਤ ਸਮਝਣਾ ਚਾਹੀਦਾ ਹੈ।

ਉਮੀਦ ਹੀ ਸਭ ਤੋਂ ਵੱਡੀ ਦਵਾਈ ਹੈ

ਅੱਜ ਵਿਗਿਆਨ, ਮਨੋਵਿਗਿਆਨ ਅਤੇ ਸਮਾਜਿਕ ਸਹਿਯੋਗ ਦੇ ਮਿਲੇ-ਜੁਲੇ ਯਤਨਾਂ ਨਾਲ ਲੱਖਾਂ ਲੋਕ ਨਸ਼ੇ ਤੋਂ ਮੁਕਤ ਹੋ ਕੇ ਸਧਾਰਨ ਅਤੇ ਸਫਲ ਜੀਵਨ ਜੀ ਰਹੇ ਹਨ। ਲੋੜ ਸਿਰਫ਼ ਸਮੇਂ ਸਿਰ ਮਦਦ ਲੈਣ, ਇਲਾਜ ਨੂੰ ਜਾਰੀ ਰੱਖਣ ਅਤੇ ਸਮਾਜ ਵੱਲੋਂ ਨਸ਼ਾ ਪੀੜਤ ਵਿਅਕਤੀਆਂ ਨੂੰ ਹਮਦਰਦੀ ਅਤੇ ਸਨਮਾਨ ਦੇਣ ਦੀ ਹੈ।

ਨਸ਼ੇ ਦੀ ਲਤ ਕਿਸੇ ਵਿਅਕਤੀ ਦੀ ਪਹਿਚਾਣ ਨਹੀਂ ਹੁੰਦੀ। ਸਹੀ ਇਲਾਜ, ਮਜ਼ਬੂਤ ਇੱਛਾ-ਸ਼ਕਤੀ, ਪਰਿਵਾਰ ਦਾ ਸਹਿਯੋਗ ਅਤੇ ਸਮਾਜ ਦੀ ਸਮਝ ਨਾਲ ਹਰ ਵਿਅਕਤੀ ਨਵੀਂ ਸ਼ੁਰੂਆਤ ਕਰ ਸਕਦਾ ਹੈ। ਨਸ਼ਾ ਮੁਕਤੀ ਦਾ ਹਰ ਕਦਮ ਸਿਹਤਮੰਦ, ਖੁਸ਼ਹਾਲ ਅਤੇ ਆਤਮ-ਸਨਮਾਨ ਭਰੇ ਜੀਵਨ ਵੱਲ ਇੱਕ ਨਵੀਂ ਉਮੀਦ ਹੈ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com





ਬਰਜਿੰਦਰ ਕੌਰ ਬਿਸਰਾਓ
99889-01324

# ਬੁਝਾਰਤ ਵਰਗੀ ਕੁੜੀ

ਸਵੇਰੇ ਸਵੇਰੇ ਜ਼ੀਰੋ ਪੀਰੀਅਡ ਵੇਲ਼ੇ ਹਾਜ਼ਰੀ ਲਾਉਂਦੇ ਸਮੇਂ ਹੱਥ ਵਿੱਚ ਛੋਟੀ ਜਿਹੀ ਸਲਿਪ ਫੜੀ ਪ੍ਰਿੰਸੀਪਲ ਦੀ ਸਹਾਇਕਾ ਮੇਰੇ ਤੋਂ ਅੰਦਰ ਆਉਣ ਦੀ ਇਜਾਜ਼ਤ ਲੈ ਕੇ ਮੇਰੀ ਜਮਾਤ ਦੇ ਕਮਰੇ ਵਿੱਚ ਦਾਖਲ ਹੋਈ। ਉਸ ਨੇ ਮੈਨੂੰ ਸਲਿਪ ਫੜਾਈ ਜਿਸ ਉੱਤੇ ਨਵੀਂ ਐਡਮਿਸ਼ਨ ਦਾ ਵੇਰਵਾ ਸੀ। ਉਸ ਦੇ ਨਾਲ ਇੱਕ ਬਹੁਤ ਗੋਰੀ ਜਿਹੀ,ਪਤਲੀ ਤੇ ਲੰਮੀ ਮਲੂਕ ਜਿਹੀ ਬੱਚੀ ਸੀ ਜਿਸ ਨੇ ਮੋਢਿਆਂ ਤੇ ਸਕੂਲ ਬੈਗ ਪਾਇਆ ਹੋਇਆ ਸੀ। ਸਹਾਇਕਾ ਚਲੀ ਗਈ ਤੇ ਮੈਂ ਉਸ ਬੱਚੀ ਨੂੰ ਉਸ ਦਾ ਨਾਂ ਅਤੇ ਉਸ ਬਾਰੇ ਥੋੜ੍ਹੀ ਜਿਹੀ ਮੁੱਢਲੀ ਜਾਣਕਾਰੀ ਪੁੱਛ ਕੇ ਇੱਕ ਹੁਸ਼ਿਆਰ ਬੱਚੀ ਨਾ਼ਲ ਬਿਠਾ ਦਿੱਤਾ। ਬੋਰਡ ਦੀ ਜਮਾਤ ਵਿੱਚ ਸੈਸ਼ਨ ਦੇ ਵਿਚਕਾਰ ਨਵੀਂ ਐਡਮਿਸ਼ਨ ਨਾ਼ਲ ਕਲਾਸ ਟੀਚਰ ਦੀ ਬਹੁਤ ਸਿਰ ਦਰਦੀ ਵਧ ਜਾਂਦੀ ਹੈ। ਨਵੇਂ ਵਿਦਿਆਰਥੀ ਦੇ ਕਾਗਜ਼ ਪੱਤਰ ਪੂਰੇ ਕਰਵਾਉਣੇ,ਉਸ ਦੇ ਸਾਰੇ ਵਿਸ਼ਿਆਂ ਦੀਆਂ ਕਾਪੀਆਂ ਪੂਰੀਆਂ ਕਰਵਾਉਣ ਲਈ ਹੁਸ਼ਿਆਰ ਬੱਚਿਆਂ ਤੋਂ ਕਾਪੀਆਂ ਲੈ ਕੇ ਦੇਣੀਆਂ ਬਹੁਤ ਚੁਣੌਤੀ ਭਰਪੂਰ ਕੰਮ ਹੁੰਦਾ ਹੈ। ਬੋਰਡ ਦੀ ਕਲਾਸ ਵਿੱਚ ਪੜ੍ਹਾਈ ਦਾ ਜ਼ੋਰ ਹੋਣ ਕਰਕੇ ਬੱਚੇ ਆਪਣੀਆਂ ਕਾਪੀਆਂ ਨਹੀਂ ਦੇ ਸਕਦੇ ਹੁੰਦੇ। ਇਸ ਕਰਕੇ ਵਿਦਿਆਰਥੀਆਂ ਨੂੰ ਭਰੋਸੇ ਵਿੱਚ ਲੈ ਕੇ ਮਦਦ ਕਰਵਾਉਣੀ ਪੈਂਦੀ ਸੀ ਤਾਂ ਜੋ ਨਵਾਂ ਬੱਚਾ ਹਰ ਪੱਖੋਂ ਕਲਾਸ ਵਿੱਚ ਰਚ ਮਿਚ ਜਾਵੇ।

ਉਹ ਕੁੜੀ ਬਹੁਤ ਖੁੱਲ੍ਹ ਕੇ ਗੱਲ ਨਹੀਂ ਕਰਦੀ ਸੀ। ਪਹਿਲੇ ਦਿਨ ਜਦੋਂ ਸਹਾਇਕਾ ਉਸ ਨੂੰ ਛੱਡਣ ਆਈ ਸੀ ਤਾਂ ਉਹ ਮੇਰੇ ਕੰਨ ਵਿੱਚ ਕਹਿ ਕੇ ਗਈ ਸੀ,"ਮੈਡਮ, ਬਹੁਤ ਵੱਡਾ ਅਫ਼ਸਰ ਹੈ ਜੋ ਇਸ ਨੂੰ ਸਕੂਲ ਦਾਖ਼ਲ ਕਰਵਾ ਕੇ ਗਿਆ ਹੈ।" ਇੱਕ ਦੋ ਵਾਰੀ ਪੂਰੇ ਕਾਗਜ਼ ਨਾ ਆਉਣ ਤੇ ਮੈਂ ਫ਼ੋਨ ਵੀ ਕੀਤਾ ਤਾਂ ਉਸ ਦੀ ਬੋਲੀ ਵਿੱਚ ਖਰ੍ਹਵਾ ਪਣ ਸੀ। ਮੈਨੂੰ ਉਸ ਦੀ ਬੋਲੀ ਤੋਂ ਥੋੜ੍ਹਾ ਜਿਹਾ ਕਿਸੇ ਤਰ੍ਹਾਂ ਦਾ ਸ਼ੱਕ ਹੋਇਆ ਪਰ ਮੈਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ ਕਿਉਂਕਿ ਮੈਨੂੰ ਆਪਣੀ ਡਿਊਟੀ ਦੇ ਹਿਸਾਬ ਨਾਲ ਸਮੇਂ ਸਮੇਂ ਤੇ ਮਾਪਿਆਂ ਨਾ਼ਲ ਸੰਪਰਕ ਵਿੱਚ ਰਹਿਣਾ ਹੀ ਪੈਂਦਾ ਸੀ। ਉਸ ਕੁੜੀ ਨੂੰ ਜਦ ਮੈਂ ਇਕੱਲ ਵਿੱਚ ਬੁਲਾ ਕੇ ਪੁੱਛਿਆ," ਬੇਟੇ... ਤੁਹਾਡੇ ਮੰਮੀ ਤੁਹਾਡੇ ਕੋ਼ਲ ਨਹੀਂ ਰਹਿੰਦੇ...?"

"ਨਹੀਂ ਮੈਡਮ ਜੀ.....ਮੰਮੀ ਤਾਂ ਦੂਜੇ ਸ਼ਹਿਰ ਵਿੱਚ ਰਹਿੰਦੇ ਹਨ।" ਉਸ ਨੇ ਬਹੁਤ ਹੌ਼ਲੀ ਜਿਹੀ ਅਵਾਜ਼ ਵਿੱਚ ਜਵਾਬ ਦਿੱਤਾ।

".... ਤੁਹਾਡੇ ਪਾਪਾ ਕੀ ਕੰਮ ਕਰਦੇ ਹਨ?" ਮੈਂ ਜਾਣਨ ਲਈ ਪੁੱਛਿਆ।

"ਮੈਡਮ ਮੇਰੇ ਪਾਪਾ ਤਾਂ ਬੀਮਾਰ ਰਹਿੰਦੇ ਹਨ.... ਮੰਮੀ ਮੈਨੂੰ ਇੱਥੇ ਇਸ ਅੰਕਲ ਕੋਲ ਛੱਡ ਗਏ ਹਨ...ਮੰਮੀ ਕਹਿੰਦੇ ਮੇਰੇ ਤੋਂ ਨੀ ਐਨਾ ਖ਼ਰਚਾ ਹੁੰਦਾ....ਇਹ ਤੈਨੂੰ ਆਪੇ ਪੜ੍ਹਾ ਲਿਖਾ ਦੇਣਗੇ....ਸਾਡਾ ਸ਼ਹਿਰ ਤਾਂ (ਸ਼ਹਿਰ ਦਾ ਨਾਂ) ਹੋਰ ਹੈ।" ਉਸ ਕੁੜੀ ਨੇ ਜਵਾਬ ਦਿੱਤਾ।

" ਚਲੋ ਠੀਕ ਹੈ ਬੇਟਾ....ਆਪਣਾ ਸਾਰਾ ਕੰਮ ਜਲਦੀ ਜਲਦੀ ਕੰਪਲੀਟ ਕਰ ਲਓ....ਫਿਰ ਪੇਪਰ ਆ ਜਾਣੇ ਹਨ...ਕਿਸੇ ਬੱਚੇ ਨੇ ਫਿਰ ਨੋਟਸ ਕੰਪਲੀਟ ਕਰਨ ਲਈ ਕਾਪੀਆਂ ਨੀ ਦੇਣੀਆਂ...।" ਮੈਂ ਕਾਪੀਆਂ ਪੂਰੀਆਂ ਕਰਨ ਦੇ ਬਹਾਨੇ ਥੋੜ੍ਹੀ ਜਿਹੀ ਇਨਕੁਆਰੀ ਕਰਕੇ ਉਸ ਨੂੰ ਜਮਾਤ ਵਿੱਚ ਭੇਜ ਦਿੱਤਾ।

ਰੋਜ਼ ਸਵੇਰੇ ਉਸ ਕੁੜੀ ਵੱਲ ਜਦ ਮੈਂ ਤੱਕਣਾ ਤਾਂ ਉਹ ਬਹੁਤ ਚੁੱਪ ਚੁੱਪ ਰਹਿੰਦੀ ਸੀ। ਕਈ ਵਾਰ ਤਾਂ ਉਹ ਮੈਨੂੰ ਕਾਫ਼ੀ ਸਹਿਮੀ ਸਹਿਮੀ ਜਿਹੀ ਲੱਗਦੀ ਹੁੰਦੀ ਸੀ। ਮੈਂ ਉਸ ਨੂੰ ਬਹੁਤ ਪਿਆਰ ਨਾਲ ਪੇਸ਼ ਆਉਣਾ। ਥੋੜ੍ਹੇ ਜਿਹੇ ਦਿਨਾਂ ਵਿੱਚ ਹੀ ਉਹ ਵੀ ਮੈਨੂੰ ਬਹੁਤ ਪਿਆਰ ਕਰਨ ਲੱਗ ਪਈ ਸੀ , ਚਾਹੇ ਉਹ ਬਹੁਤਾ ਬੋਲਦੀ ਨਹੀਂ ਸੀ ਪਰ ਉਸ ਦੀ ਮੇਰੇ ਵੱਲ ਵਿਸ਼ਵਾਸ ਤੇ ਪਿਆਰ ਭਰੀ ਤੱਕਣੀ ਤੇ ਛੋਟੀ ਜਿਹੀ ਮੁਸਕਰਾਹਟ ਇਸ ਗੱਲ ਦੀ ਗਵਾਹ ਸੀ। ਕਈ ਵਾਰ ਉਸ ਕੋਲ ਟਿਫਿਨ ਨਾ ਹੋਣਾ ਤਾਂ ਮੈਂ ਬਾਕੀ ਬੱਚਿਆਂ ਨਾ਼ਲ ਖਾਣਾ ਸ਼ੇਅਰ ਕਰਵਾ ਦੇਣਾ। ਪੰਦਰਾਂ ਕੁ ਦਿਨ ਹੀ ਬੀਤੇ ਸਨ ਕਿ ਉਹ ਪਹਿਲਾਂ ਨਾਲੋਂ ਜ਼ਿਆਦਾ ਘਬਰਾਈ ਹੋਈ ਰਹਿਣ ਲੱਗੀ। ਪੜ੍ਹਦੇ ਸਮੇਂ ਉਹ ਕੁਛ ਹੋਰ ਸੋਚਦੀ ਤੇ ਚਿਹਰੇ ਤੋਂ ਲੱਗਦਾ ਕਿ ਉਹ ਕੋਈ ਭੈਅ ਜਿਹਾ ਮਹਿਸੂਸ ਕਰਦੀ ਸੀ। ਇੰਚਾਰਜ ਹੋਣ ਦੇ ਨਾਤੇ ਮੇਰਾ ਉਸ ਵੱਲ ਖ਼ਾਸ ਧਿਆਨ ਰਹਿੰਦਾ।

ਇੱਕ ਦਿਨ ਸਵੇਰੇ ਹੀ ਉਹ ਜਦ ਕਲਾਸ ਵਿੱਚ ਆਈ ਤਾਂ ਉਸ ਦੇ ਮੂੰਹ ਅਤੇ ਗਰਦਨ ਤੇ ਨੀਲ ਪਏ ਹੋਏ ਸਨ। ਉਸ ਦਾ ਰੰਗ ਇੱਕਦਮ ਪੀ਼ਲਾ ਪਿਆ ਹੋਇਆ ਸੀ। ਉਹ ਬਹੁਤ ਘਬਰਾਈ ਹੋਈ ਸੀ। ਮੈਂ ਜਮਾਤ ਵਿੱਚ ਮਨੀਟਰ ਨੂੰ ਖੜ੍ਹਾ ਕਰਕੇ ਉਸ ਨੂੰ ਇੱਕ ਖਾਲੀ ਕਮਰੇ ਵਿੱਚ ਲਿਜਾ ਕੇ ਪੁੱਛਿਆ,"ਬੇਟੇ ਇਹ ਤੇਰੇ ਨਿਸ਼ਾਨ ਕਿਉਂ ਪਏ ਹੋਏ ਹਨ?"

ਉਹ ਬਹੁਤ ਘਬਰਾਈ ਹੋਈ ਬੋਲੀ,"ਮੈਡਮ...ਅੰਕਲ ਦੇ ਬੇਟੇ ਨੇ ਰਾਤ.... ਮੈਨੂੰ ਬਹੁਤ ਕੁੱਟਿਆ...!"

"ਕਿਉਂ...?" ਮੈਂ ਹੈਰਾਨ ਹੋ ਕੇ ਪੁੱਛਿਆ।

"ਅੰਕਲ ਦੇ ਘਰ ਦੇ ਨਾਲ ਹੀ.... ਉਨ੍ਹਾਂ ਦਾ ਇੱਕ ਕੁੜੀਆਂ ਦਾ ਪੀ ਜੀ ਹੈ... ਮੈਂ ਕੁੜੀਆਂ ਕੋ਼ਲ ਚਲੀ ਗਈ ਸੀ...।"ਉਸ ਨੇ ਦੱਸਿਆ।

"ਘਰ ਵਿੱਚ ਹੋਰ ਕੌਣ ਹੈ...?"ਮੈਂ ਪੁੱਛਿਆ।

"ਅੰਕਲ ਤੇ ਉਹਨਾਂ ਦਾ ਬੇਟਾ...ਤੇ ਬੱਸ ਮੈਂ...।"

"ਅੰਕਲ ਨਾ਼ਲ ਤੁਹਾਡੀ ਕੀ ਰਿਸ਼ਤੇਦਾਰੀ ਹੈ...?"

"ਪਤਾ ਨਹੀਂ ਮੈਡਮ ਜੀ.... ਮੈਨੂੰ ਤਾਂ ਮੰਮੀ ਛੱਡ ਕੇ ਗਏ ਨੇ ਐਥੇ.... ਕਹਿੰਦੇ ...ਉਹ ਦੂਰ ਦੀ ਰਿਸ਼ਤੇਦਾਰੀ ਚੋਂ ਉਨ੍ਹਾਂ ਦਾ ਭਰਾ ਲੱਗਦਾ....।"

"ਉਹਨਾਂ ਨੇ ਤੇਰੇ ਨਾਲ ਕੁਛ ਹੋਰ ਗਲਤ ਤਾਂ ਨਹੀਂ ਕੀਤਾ...ਬੇਟਾ ਸੱਚ ਸੱਚ ਦੱਸ ਦੇ.... ਮੈਂ ਕਿਸੇ ਨੂੰ ਨਹੀਂ ਦੱਸਾਂਗੀ...।"ਮੈਂ ਕੁੜੀ ਨੂੰ ਬਹੁਤ ਵਿਸ਼ਵਾਸ ਵਿੱਚ ਲੈਂਦੇ ਹੋਏ ਪੁੱਛਿਆ।

"ਨਹੀਂ...!" ਉਸ ਕੁੜੀ ਨੇ ਅੱਖਾਂ ਝੁਕਾ ਕੇ ਨਾਂਹ ਵਿੱਚ ਸਿਰ ਹਿਲਾ ਕੇ ਜਵਾਬ ਦਿੱਤਾ ਜਿਵੇਂ ਉਹ ਬਹੁਤ ਕੁਛ ਛੁਪਾ ਰਹੀ ਹੋਵੇ।

ਮੇਰੇ ਤੋਂ ਇਹ ਸਭ ਕੁਝ ਬਰਦਾਸ਼ਤ ਨਾ ਹੋਇਆ। ਮੈਂ ਪ੍ਰਿੰਸੀਪਲ ਕੋ਼ਲ ਜਾ ਕੇ ਸਾਰੀ ਗੱਲ ਕਰ ਕੇ ਆਈ। ਪ੍ਰਿੰਸੀਪਲ ਨੂੰ ਉਸ ਦੇ ਗਾਰਡੀਅਨ ਜੋ ਉਹ ਸਟਾਰਾਂ ਵਾ਼ਲਾ ਅਫ਼ਸਰ ਸੀ, ਨੂੰ ਬੁਲਾ ਕੇ ਗੱਲ ਕਰਨ ਲਈ ਕਿਹਾ।

ਉਹ ਆਇਆ ਤੇ ਬੜੇ ਰੋਹਬ ਨਾਲ ਬਦਤਮੀਜਾਂ ਵਾਂਗ ਗੱਲ ਕਰ ਰਿਹਾ ਸੀ,"ਇਹਦੇ ਤੋਂ ਰੱਜ ਕੇ ਰੋਟੀ ਨੀ ਖਾਧੀ ਜਾਂਦੀ... ਅਸੀਂ ਇਹਨੂੰ ਰੋਕਦੇ ਆਂ...ਪੀ ਜੀ ਵਾ਼ਲੀਆਂ ਕੁੜੀਆਂ ਕੋ਼ਲ ਨਾ ਜਾਵੇ...ਇਹ ਘਰ ਦੇ ਮਾਲਕਾਂ ਵਾਂਗ ਰਹੇ...!" ਹੋਰ ਬਹੁਤ ਕੁਝ ਕਹਿ ਰਿਹਾ ਸੀ।

ਅਗਲੇ ਦਿਨ ਤੋਂ ਉਸ ਕੁੜੀ ਦਾ ਸਕੂਲ ਆਉਣਾ ਬੰਦ ਹੋ ਗਿਆ। ਉਹ ਅਫ਼ਸਰ ਉਸ ਦਾ ਨਾਂ ਕਟਵਾ ਕੇ ਹਫ਼ਤੇ ਦੇ ਅੰਦਰ ਅੰਦਰ ਹੀ ਉਸ ਦਾ ਸਰਟੀਫਿਕੇਟ ਲੈ ਗਿਆ। ਦੋ ਕੁ ਮਹੀਨੇ ਬਾਅਦ ਕਿਸੇ ਹੋਰ ਨਾਂ ਤੇ ਉਸ ਕੁੜੀ ਦੀ ਮੈਨੂੰ ਫੇਸ ਬੁੱਕ ਤੇ ਫਰੈਂਡ ਰਿਕਵੈਸਟ ਆਈ ਤਾਂ ਮੈਨੂੰ ਹਜੇ ਇੱਕ ਹੀ ਮੈਸੇਜ ਆਇਆ ਹੋਇਆ ਸੀ ਕਿ "ਸਤਿ ਸ੍ਰੀ ਆਕਾਲ ਮੈਡਮ" । ਮੈਂ ਉਸ ਨੂੰ ਲੇਟ ਦੇਖਿਆ ਸੀ। ਜਦ ਤੱਕ ਮੈਂ ਉਸ ਦੀ ਸਤਿ ਸ੍ਰੀ ਆਕਾਲ ਦਾ ਜਵਾਬ ਦਿੰਦੀ ਉਹ ਫੇਸਬੁੱਕ ਆਈ ਡੀ ਵੀ ਬੰਦ ਹੋ ਚੁੱਕੀ ਸੀ।"ਉਹ ਕੁੜੀ ....ਕੌਣ ਸੀ.....ਉਸ ਨਾ਼ਲ ਕੀ ਬੀਤਿਆ ਹੋਵੇਗਾ....ਉਹ ਲੋਕ ਉਸ ਦੇ ਕੀ ਲੱਗਦੇ ਸਨ..... ਉਸ ਦੀ ਮਾਂ ਨੇ ਸਿਰਫ਼ ਦੋ ਮਰਦਾਂ ਵਾ਼ਲੇ ਘਰ ਵਿੱਚ....ਉਸ ਕੁੜੀ ਨੂੰ ਕਿਸੇ ਕੋ਼ਲ ਕਿਉਂ ਛੱਡਿਆ....?" ਆਦਿਕ ਅਨੇਕਾਂ ਸਵਾਲ ਅੱਜ ਵੀ ਮੇਰੇ ਦਿਮਾਗ ਵਿੱਚ ਜਿਉਂ ਦੇ ਤਿਉਂ ਹਨ। ਚਾਹੇ ਇਸ ਘਟਨਾ ਨੂੰ ਡੇਢ ਦਹਾਕੇ ਦਾ ਸਮਾਂ ਬੀਤ ਗਿਆ ਹੈ ਪਰ ਅੱਜ ਵੀ ਜਦ ਮੈਂ ਸੋਚਦੀ ਹਾਂ ਤਾਂ ਮੈਨੂੰ ਉਹ ਕੁੜੀ ਰਾਣੀ ਔਰ ਲਾਲਪਰੀ ਕਹਾਣੀ ਦੀ ਸਿੰਡਰੇਲਾ ਵਰਗੀ ਲੱਗਦੀ ਹੈ....ਸੱਚਮੁੱਚ ਉਹ ਕੁੜੀ ਇੱਕ ਅਣਸੁਲਝੀ ਬੁਝਾਰਤ ਵਰਗੀ ਸੀ।

Now Open New Banquet Hall in Sacramento
For more info: Contact Paul : (916)334-6000



WE HAVE THE CHEAPEST FARES TO INDIA

# LEGEND TRAVEL

arc accredited agency

CST # 207524-40



JATINDER SINGH

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

**(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

INVOICE

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫ਼ਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਦੁੱਖਾਂ ਦੀ ਪੰਡ

ਦੁੱਖਾਂ ਦੀ ਪੰਡ ਦਰਦ ਘਟਾਉਣੇ ਵਾਲਾ ਦਰਦ ਵਧਾ ਕੇ ਤੁਰ ਗਿਆ ਏ।
ਦੁੱਖਾਂ ਦੀ ਪੰਡ ਮੇਰੀ ਝੋਲੀ ਪਾ ਕੇ ਤੁਰ ਗਿਆ ਏ।
ਅੱਜਕੱਲ੍ਹ ਜੋ ਮੈਂ ਲਿਖਦਾਂ ਬਿਰਹੋਂ ਭਿੱਜਿਆ ਲਿਖਦਾ ਹਾਂ ,
ਵਸਲ ਦੇ ਨਗ਼ਮੇਂ ਉਹ ਤਾਂ ਬਹੁਤ ਲਿਖਾ ਕੇ ਤੁਰ ਗਿਆ ਏ।
ਉਸਨੂੰ ਚੰਗਾ-ਮੰਦਾ ਮੈਂ ਤਾਂ ਕੁੱਝ ਵੀ ਕਹਿਣਾ ਨਹੀਂ,
ਮੇਰੇ ਤੇ ਇਲਜਾਮ ਉਹ ਭਾਵੇਂ ਲਾ ਕੇ ਤੁਰ ਗਿਆ ਏ।
ਮੈਂ ਝੱਲਾ ਜਿਹਾ ਝੱਲਿਆਂ ਵਾਂਗੂੰ ਵਕਤ ਬਿਤਾਉਂਦਾ ਸੀ,
ਜਿੰਦਗੀ ਨੂੰ ਉਹ ਜੀਣ ਦਾ ਸਬਕ ਪੜ੍ਹਾ ਕੇ ਤੁਰ ਗਿਆ ਏ।
ਪਹਿਲਾਂ ਮੇਰੇ ਪਿਆਰ ਦੀ ਗੁੱਡੀ ਅਰਸ਼ੀਂ ਚਾੜ੍ਹੀ ਸੀ,
ਫੇਰ ਉਹ ਉਸਨੂੰ ਧਰਤੀ ਤੇ ਪਟਕਾ ਕੇ ਤੁਰ ਗਿਆ ਏ।
ਉਹ ਪਲ ਮੇਰੀ ਜਿੰਦਗੀ ਦਾ ਸਰਮਾਇਆ ਬਣ ਗਏ ਨੇ,
ਮੇਰੇ ਹੱਥਾਂ ਨਾਲ ਉਹ ਹੱਥ ਛੁਹਾ ਕੇ ਤੁਰ ਗਿਆ ਏ।
ਛੱਡ 'ਨਾਗਰਾ' ਝੂਰੀ ਨਾ ਜਾਹ ਬੀਤੇ ਵੇਲੇ ਨੂੰ,
ਜਾਣੇ ਵਾਲਾ ਦਿਲ਼ ਤੇ ਨਾਂ ਲਿਖਵਾ ਕੇ ਤੁਰ ਗਿਆ ਏ।

ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



# ਸੱਚ ਨੂੰ ਫਾਂਸੀ

ਪੇਂਡੂ ਮਾਹੌਲ ਵਿੱਚ ਜੰਮੀ ਪਲੀ ਉਸ ਦਲਿਤ ਕੁੜੀ ਨੇ ਗਰੀਬੀ ,ਲਚਾਰੀ ਤੇ ਤੰਗੀਆਂ ਤੁਰਸ਼ੀਆਂ ਨੂੰ ਸਰੀਰ ਤੇ ਹੰਡਾਉਂਦਿਆਂ ਆਪਣੀ ਮਿਹਨਤ ਨਾਲ ਚੰਗੀ ਪੜ੍ਹਾਈ ਕੀਤੀ ਤੇ ਸਰਕਾਰੀ ਦਫਤਰ ਵਿਚ ਨੌਕਰੀ ਤੇ ਜਾ ਲੱਗੀ। ਉਸਨੂੰ ਡਿਊਟੀ ਸਥਾਨ ਵੱਡੇ ਸ਼ਹਿਰ ਵਿੱਚ ਮਿਲਿਆ ਜਿੱਥੇ ਉਸ ਦੇ ਦਫਤਰ ਦਾ ਮੁਖੀ ਤੇ ਉਸਦੇ ਸਹਿਕਰਮੀ ਉਸ ਕੁੜੀ ਦੀ ਸਾਂਵਲੀ ਦਿੱਖ, ਪੇਂਡੂ ਰਹਿਣ ਸਹਿਣ 'ਤੇ ਅਕਸਰ ਹੀ ਤੰਨਜਾਂ ਕੱਸਦੇ ਰਹਿੰਦੇ ਸਨ।

ਦਫਤਰੀ ਮੁਖੀ ਸਮੇਤ ਸਾਰੇ ਮੁਲਾਜ਼ਮ ਉਸ ਕੁੜੀ ਦਾ ਗੋਤ ਕਨਾਲਾ ਆਪਣੇ ਵਿੱਚ ਕਰਨ ਤੋਂ ਪ੍ਰਹੇਜ਼ ਹੀ ਨਹੀਂ ਸਨ ਕਰਦੇ ਸਗੋਂ ਉਸ ਨੂੰ ਮਾਨਸਿਕ ਪੱਧਰ ਤੇ ਵੀ ਪ੍ਰੇਸ਼ਾਨ ਕਰਦੇ ਤੇ ਉਸ ਨੂੰ ਜਲੀਲ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭਦੇ ਰਹਿੰਦੇ।

ਆਪਣੇ ਬੌਸ ਤੇ ਸਹਿਕਰਮੀਆਂ ਦੀਆਂ ਇੰਨਾਂ ਕਾਰਵਾਈਆਂ ਤੋਂ ਤੰਗ ਉਸ ਕੁੜੀ ਨੇ ਜਥੇਬੰਦਕ ਰੂਪ ਵਿੱਚ ਆਪਣੇ ਮੁਖੀ ਖਿਲਾਫ ਆਪਣੀ ਸ਼ਿਕਾਇਤ ਉੱਚ ਅਫਸਰਾਂ ਕੋਲ ਦਰਜ ਕਰਵਾਈ ਤਾਂ ਪ੍ਰਸ਼ਾਸਨ ਨੇ ਇਨਕੁਆਰੀ ਸ਼ੁਰੂ ਕਰਦਿਆਂ ਉਸ ਦੇ ਬੌਸ ਸਮੇਤ ਉਸ ਦੀ ਵੀ ਆਰਜੀ ਬਦਲੀ ਹੋਰ ਕਿਸੇ ਹੋਰ ਦਫਤਰ ਵਿੱਚ ਕਰ ਦਿੱਤੀ। ਵਿਭਾਗੀ ਇਨਕੁਆਰੀ ਵਿੱਚ ਸ਼ਿਕਾਇਤੀ ਮੁਖੀ ਦੇ ਸਟਾਫ ਮੈਂਬਰਾਂ ਦੇ ਬਿਆਨ ਕਲਮਬੱਧ ਕੀਤੇ ਗਏ।

ਸਿਆਸੀ ਪਹੁੰਚ, ਅਸਰ ਰਸੂਖ ਤੇ ਆਪਣੇ ਸਟਾਫ ਦੀ ਮਿਲੀ ਭੁਗਤ ਸਦਕਾ ਉਸ ਦਾ ਸਟਾਫ ਸ਼ਿਕਾਇਤ ਕਰਤਾ ਮੁਲਾਜ਼ਮ ਲੜਕੀ ਦੇ ਹੀ ਖਿਲਾਫ ਭੁਗਤਿਆ।

ਮਹਿਕਮੇ ਨੇ ਸ਼ਿਕਾਇਤੀਆ ਬੌਸ ਨੂੰ ਕਲੀਨ ਚਿੱਟ ਦੇ ਦਿੱਤੀ ਤੇ ਉਹ ਫਿਰ ਆਪਣੇ ਦਫਤਰ ਵਿੱਚ ਸ਼ਾਨੋ ਸ਼ੌਕਤ ਨਾਲ ਹਾਜ਼ਰ ਹੋ ਗਿਆ।

ਹੁਣ ਸ਼ਿਕਾਇਤ ਕਰਨ ਵਾਲੀ ਮੁਲਾਜ਼ਮ ਲੜਕੀ ਨੇ ਆਪਣੇ ਦਮਨ ਖਿਲਾਫ
ਕੀਤੇ ਸੰਘਰਸ਼ ਦੌਰਾਨ ਸਹਿਯੋਗ ਕਰਨ ਵਾਲਿਆਂ ਦਾ ਧੰਨਵਾਦ ਕਰਦਿਆਂ ਆਖਿਆ," ਭਾਵੇਂ ਅੱਜ ਫਿਰ ਸੱਚ ਨੂੰ ਫਾਂਸੀ ਹੋਈ ਹੈ ਪਰ ਇਤਿਹਾਸ ਗਵਾਹ ਹੈ ਕਿ ਅੰਤ ਜਿੱਤ ਲੜਦੇ ਲੋਕਾਂ ਦੀ ਹੀ ਹੁੰਦੀ ਹੈ"। ਉਸ ਕੁੜੀ ਦੇ ਬੋਲੇ ਸ਼ਬਦ ਸਿਸਟਮ ਦੀ ਨਿਪੁੰਸਕਤਾ ਨੂੰ ਬਿਆਨ ਕਰ ਰਹੇ ਸਨ।



ਮਾਸਟਰ ਹਰਭਿੰਦਰ ਸਿੰਘ "ਮੁੱਲਾਂਪੁਰ"
ਮੰਡੀ ਮੁੱਲਾਂਪੁਰ (ਲੁਧਿਆਣਾ)
94646-01001

LARRY T. NIERMEYER
Attorney at Law



OFFERING SERVICES IN THE FOLLOWING AREAS



1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation



PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



**Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ**

**Paul Sahota**

**ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ**
**ਤਜ਼ਰਬਾ ਘੱਟੋ-ਘੱਟ 1 ਸਾਲ**
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

**ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ**

**ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ**
**ਫੋਨ : (559) 653-8130, 774-243-4154**

**SmartWay Express 3545 Date Avenue Fresno, CA 93725**
**ਈ-ਮੇਲ: newtrucks@smartwayexp.com**

# ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




**e-Baba Entertainment App ਨੂੰ Download ਕਰੋ।**

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**

# JK TYRE INC

## JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

STEER TIRE
295/75R22.5
With Installation
Singh: 510-766-9382

SPECIAL OFFER !!



11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382
2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com